ਸੋਮਵਾਰ, 4 ਮਾਰਚ, 2024
21 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 274

# ਨਵਾਂ ਜ਼ਮਾਨਾ

DAILY NAWAN ZAMANA • MONDAY, 4 MARCH, 2024
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12

## ਪਵਨ ਸਿੰਘ ਨੇ ਉਮੀਦਵਾਰੀ ਛੱਡੀ



**ਕੋਲਕਾਤਾ** : ਭੋਜਪੁਰੀ ਗਾਇਕ ਅਤੇ ਅਦਾਕਾਰ ਪਵਨ ਸਿੰਘ ਨੇ ਪੱਛਮੀ ਬੰਗਾਲ ਦੀ ਆਸਨਸੋਲ ਲੋਕ ਸਭਾ ਸੀਟ ਤੋਂ ਭਾਜਪਾ ਦੇ ਉਮੀਦਵਾਰ ਦੇ ਤੌਰ 'ਤੇ ਐਤਵਾਰ ਨੂੰ ਆਪਣਾ ਨਾਂਅ ਵਾਪਸ ਲੈ ਲਿਆ। ਪਾਰਟੀ ਨੇ ਇਕ ਦਿਨ ਪਹਿਲਾਂ ਹੀ ਇਸ ਸੀਟ ਤੋਂ ਉਸ ਨੂੰ ਉਮੀਦਵਾਰ ਐਲਾਨਿਆ ਸੀ। ਇਸ ਵੇਲੇ ਆਸਨਸੋਲ ਤੋਂ ਤ੍ਰਿਣਮੂਲ ਕਾਂਗਰਸ ਦੇ ਆਗੂ ਅਤੇ ਅਦਾਕਾਰ ਸ਼ਤਰੂਘਨ ਸਿਨਹਾ ਸੰਸਦ ਮੈਂਬਰ ਹਨ। ਪਵਨ ਸਿੰਘ ਨੇ ਉਮੀਦਵਾਰ ਐਲਾਨੇ ਜਾਣ 'ਤੇ ਭਾਜਪਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਕਿਸੇ ਨਿੱਜੀ ਕਾਰਨਾਂ ਕਰਕੇ ਆਸਨਸੋਲ ਤੋਂ ਚੋਣ ਨਹੀਂ ਲੜ ਸਕਦਾ। ਦਰਅਸਲ ਤ੍ਰਿਣਮੂਲ ਕਾਂਗਰਸ ਨੇ ਪਵਨ ਸਿੰਘ ਨੂੰ ਟਿਕਟ ਮਿਲਣ ਤੋਂ ਬਾਅਦ ਉਸ ਦੇ ਬੰਗਾਲੀ ਮਹਿਲਾਵਾਂ ਪ੍ਰਤੀ ਇਤਰਾਜ਼ਯੋਗ ਗਾਣਿਆਂ ਦਾ ਜ਼ਿਕਰ ਕਰਕੇ ਹਮਲਾ ਕੀਤਾ ਸੀ। ਇਸ ਤੋਂ ਬਾਅਦ ਪਵਨ ਦੀ ਏਨੀ ਟ੍ਰੋਲਿੰਗ ਹੋਈ ਕਿ ਬਾਅਦ ਦੁਪਹਿਰ ਇਕ ਵਜੇ ਉਸ ਨੇ ਚੋਣ ਲੜਨ ਤੋਂ ਨਾਂਹ ਕਰ ਦਿੱਤੀ। ਇਸ ਹਲਕੇ ਤੋਂ ਭਾਜਪਾ ਸਾਂਸਦ ਰਹਿ ਚੁੱਕੇ ਤੇ ਇਸ ਵੇਲੇ ਤ੍ਰਿਣਮੂਲ ਵਿਧਾਇਕ ਬਾਬੁਲ ਸੁਪ੍ਰਿਓ ਨੇ ਕਿਹਾ ਕਿ ਭਾਜਪਾ ਨੇ ਪਵਨ ਨੂੰ ਟਿਕਟ ਛੱਡਣ ਲਈ ਮਜਬੂਰ ਕੀਤਾ, ਕਿਉਂਕਿ ਉਸ ਨੂੰ ਟਿਕਟ ਅਲਾਟ ਕਰਕੇ ਉਹ ਕਸੂਤੀ ਫਸ ਗਈ ਸੀ।

## ਡਾ. ਹਰਸ਼ਵਰਧਨ ਦਾ ਸੰਨਿਆਸ



**ਨਵੀਂ ਦਿੱਲੀ** : ਸਾਬਕਾ ਕੇਂਦਰੀ ਮੰਤਰੀ ਡਾ. ਹਰਸ਼ਵਰਧਨ ਨੇ ਚਾਂਦਨੀ ਚੌਕ ਤੋਂ ਭਾਜਪਾ ਦੀ ਟਿਕਟ ਨਾ ਮਿਲਣ 'ਤੇ ਐਤਵਾਰ ਸਿਆਸਤ ਤੋਂ ਸੰਨਿਆਸ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਕ੍ਰਿਸ਼ਨਾ ਨਗਰ ਵਿਚ ਈ ਐੱਨ ਟੀ ਕਲੀਨਿਕ ਵਿਚ ਬੈਠਿਆ ਕਰਨਗੇ। ਉਹ ਦੋ ਵਾਰ ਲੋਕ ਸਭਾ ਮੈਂਬਰ ਤੇ ਪੰਜ ਵਾਰ ਦਿੱਲੀ ਦੇ ਵਿਧਾਇਕ ਰਹੇ।

## ਲਾਲ ਸਾਗਰ 'ਚ ਬੇੜਾ ਡੁੱਬਿਆ

**ਦੁਬਈ** : ਯਮਨ 'ਚ ਹੂਤੀ ਬਾਗੀਆਂ ਨੇ ਜਿਸ ਬੇੜੇ ਨੂੰ ਨਿਸ਼ਾਨਾ ਬਣਾਉਂਦਿਆਂ ਹਮਲਾ ਕੀਤਾ ਸੀ, ਉਹ ਲਾਲ ਸਾਗਰ 'ਚ ਡੁੱਬ ਗਿਆ ਹੈ। ਯਮਨ ਦੀ ਕੌਮਾਂਤਰੀ ਪੱਧਰ 'ਤੇ ਮਾਨਤਾ ਪ੍ਰਾਪਤ ਸਰਕਾਰ ਅਤੇ ਇਕ ਸੈਨਿਕ ਅਧਿਕਾਰੀ ਨੇ ਬੇੜੇ ਦੇ ਡੁੱਬਣ ਦੀ ਪੁਸ਼ਟੀ ਕੀਤੀ ਹੈ।

## ਮਮਤਾ ਲਈ ਦਰਵਾਜ਼ੇ ਅਜੇ ਵੀ ਖੁੱਲ੍ਹੇ : ਕਾਂਗਰਸ

**ਗਵਾਲੀਅਰ** : ਤ੍ਰਿਣਮੂਲ ਕਾਂਗਰਸ ਦੇ ਪੱਛਮੀ ਬੰਗਾਲ 'ਚ ਸਾਰੀਆਂ 42 ਲੋਕ ਸਭਾ ਸੀਟਾਂ 'ਤੇ ਚੋਣਾਂ ਲੜਨ ਦੇ ਫੈਸਲੇ 'ਤੇ ਕਾਂਗਰਸ ਨੇ ਐਤਵਾਰ ਕਿਹਾ ਕਿ ਮਮਤਾ ਬੈਨਰਜੀ ਨਾਲ ਗੱਠਜੋੜ ਦੇ ਦਰਵਾਜ਼ੇ ਅਜੇ ਵੀ ਖੁੱਲ੍ਹੇ ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਪੱਛਮੀ ਬੰਗਾਲ ਦੀ ਮੁੱਖ ਮਤਰੀ ਮਮਤਾ ਬੈਨਰਜੀ ਕਹਿੰਦੀ ਹੈ ਕਿ ਉਹ 'ਇੰਡੀਆ' ਗੱਠਜੋੜ 'ਚ ਹੈ ਅਤੇ ਉਨ੍ਹਾ ਦਾ ਟੀਚਾ ਭਾਜਪਾ ਨੂੰ ਹਰਾਉਣਾ ਹੈ। ਉਨ੍ਹਾ ਕਿਹਾ—ਚੋਣਾਂ ਲੜਨ ਦੇ ਮਾਮਲੇ 'ਚ ਕਾਂਗਰਸ ਨੇ ਦਰਵਾਜ਼ਾ ਬੰਦ ਨਹੀਂ ਕੀਤਾ । ਮਮਤਾ ਨੇ ਇਕਤਰਫਾ ਫੈਸਲਾ ਲਿਆ ਹੈ। ਖੈਰ, ਇਹ ਉਨ੍ਹਾ ਦੀ ਘੋਸ਼ਣਾ ਹੈ। ਜਿਥੋਂ ਤੱਕ ਸਾਡਾ ਸੰਬੰਧ ਹੈ ਤਾਂ ਗੱਲਬਾਤ ਅਜੇ ਵੀ ਜਾਰੀ ਹੈ ਅਤੇ ਦਰਵਾਜ਼ੇ ਅਜੇ ਵੀ ਖੁੱਲ੍ਹੇ ਹਨ।

## ਮਹਿਲਾ ਤੇ ਤਿੰਨ ਧੀਆਂ ਦੀ ਮੌਤ

**ਜੰਮੂ** : ਰਿਆਸੀ ਖੇਤਰ 'ਚ ਫੱਲਾ ਅਖਤਰ (30), ਉਸ ਦੀਆਂ ਧੀਆਂ ਨਸੀਮਾ (5), ਸਫੀਨਾ ਕੌਸਰ (3) ਅਤੇ ਸਮਰੀਨ ਕੌਸਰ (2) ਦੀ ਮੌਤ ਹੋ ਗਈ, ਜਦੋਂ ਚਸਾਨਾ ਤਹਿਸੀਲ ਦੇ ਕੁੰਦਰਧਨ ਮੋਹਰਾ ਪਿੰਡ 'ਚ ਉਨ੍ਹਾਂ ਦਾ ਕੱਚਾ ਘਰ ਭਾਰੀ ਮੀਂਹ ਕਾਰਨ ਢਹਿ ਗਿਆ।

# 'ਇੰਡੀਆ' ਦਾ ਚੋਣ ਟਰੇਲਰ

**ਪਟਨਾ** : ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਨੇ ਐਤਵਾਰ ਪਟਨਾ ਵਿਚ ਜਨ-ਵਿਸ਼ਵਾਸ ਮਹਾਂ ਰੈਲੀ ਕਰਕੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣੀ ਤਿਆਰੀ ਦਾ ਟਰੇਲਰ ਦਿਖਾਇਆ।

ਆਪਣੀ ਯਾਤਰਾ ਵਿੱਚੇ ਛੱਡ ਕੇ ਆਏ ਰਾਹੁਲ ਗਾਂਧੀ ਨੇ 15 ਮਿੰਟ ਦੀ ਤਕਰੀਰ ਵਿਚ ਕਿਹਾ ਕਿ ਮੋਦੀ ਸਰਕਾਰ ਸਿਰਫ ਦੋ-ਤਿੰਨ ਸੁਪਰ ਅਮੀਰਾਂ ਲਈ ਕੰਮ ਕਰ ਰਹੀ ਹੈ ਅਤੇ ਦਲਿਤਾਂ ਤੇ ਪੱਛੜੀਆਂ ਸ਼੍ਰੇਣੀਆਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ, ਜਿਹੜੇ ਕੁਲ ਆਬਾਦੀ ਦਾ 73 ਫੀਸਦੀ ਹਨ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਐੱਨ ਡੀ ਏ ਵੱਲ ਪਲਟੀ ਮਾਰਨ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾ ਰਾਜਦ ਆਗੂ ਤੇਜਸਵੀ ਯਾਦਵ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾ 17 ਮਹੀਨੇ ਉਪ ਮੁੱਖ ਮੰਤਰੀ ਰਹਿੰਦਿਆਂ ਵੱਡੀ ਗਿਣਤੀ ਵਿਚ ਨੌਕਰੀਆਂ ਪੈਦਾ ਕਰਕੇ ਚੰਗਾ ਕੰਮ ਕੀਤਾ। ਉਨ੍ਹਾ ਤੇਜਸਵੀ ਵੱਲ ਮੁਖਾਤਬ ਹੁੰਦਿਆਂ ਕਿਹਾ—ਤੁਹਾਡੇ ਚਾਚਾ (ਨਿਤੀਸ਼) ਪਲਟੀ ਮਾਰ ਗਏ। ਉਹ ਫਿਰ ਪਲਟੀ ਮਾਰ ਸਕਦੇ ਹਨ, ਪਰ ਹੁਣ ਉਨ੍ਹਾ ਨੂੰ ਜੱਫੀ ਨਾ ਪਾਇਓ।

ਨਿਤੀਸ਼ 'ਤੇ ਸਭ ਤੋਂ ਤਕੜਾ ਹਮਲਾ ਲਾਲੂ ਪ੍ਰਸਾਦ ਨੇ ਬੋਲਿਆ। ਉਨ੍ਹਾ ਰੈਲੀ ਵਿਚ ਜੁੜੇ ਲੋਕਾਂ ਨੂੰ ਕਿਹਾ—ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਤਾ ਤੋਂ ਲਾਹ ਦਿਓ। ਮੈਂ ਤੁਹਾਡਾ ਹੌਸਲਾ ਵਧਾਉਣ ਲਈ ਤੁਹਾਡੇ ਵਿਚ ਰਹਾਂਗਾ। ਜੇ ਨਿਤੀਸ਼ ਨੇ ਭਾਜਪਾ ਤੋਂ ਤੰਗ ਆ ਕੇ ਫਿਰ ਸਾਡੇ ਵੱਲ ਆਉਣ ਦੀ ਕੋਸ਼ਿਸ਼ ਤਾਂ ਉਨ੍ਹਾ ਨੂੰ ਧੱਕਾ ਮਿਲੇਗਾ।

ਪ੍ਰਧਾਨ ਮੰਤਰੀ ਮੋਦੀ ਵੱਲੋਂ ਵੰਸ਼ਵਾਦ ਦੇ ਦੋਸ਼ ਲਾਉਣ ਦੀ ਪਰਵਾਹ ਕੀਤੇ ਬਿਨਾਂ ਲਾਲੂ ਨੇ ਆਪਣੇ ਬੇਟਿਆਂ ਤੇਜਸਵੀ ਯਾਦਵ, ਤੇਜ ਪ੍ਰਤਾਪ ਯਾਦਵ ਤੇ ਬੇਟੀਆਂ ਪ੍ਰਤੀ ਮੋਹ ਦਾ ਇਜ਼ਹਾਰ ਕਰਦਿਆਂ ਕਿਹਾ—ਜੇ ਮੋਦੀ ਦਾ ਪਰਵਾਰ ਨਹੀਂ ਹੈ ਤਾਂ ਅਸੀਂ ਕੀ ਕਰ ਸਕਦੇ ਹਾਂ। ਉਹ ਰਾਮ ਮੰਦਰ ਬਣਾਉਣ ਦੀਆਂ ਗੱਲਾਂ ਕਰਦੇ ਹਨ, ਪਰ ਉਹ ਅਸਲੀ ਹਿੰਦੂ ਨਹੀਂ। ਹਿੰਦੂ ਰਵਾਇਤ ਹੈ ਕਿ ਆਪਣੇ ਮਾਪਿਆਂ ਦੀ ਮੌਤ 'ਤੇ ਬੇਟਾ ਸਿਰ ਤੇ ਦਾੜ੍ਹੀ ਮੁੰਨਵਾਉਂਦਾ ਹੈ। ਜਦੋਂ ਮਾਂ ਦੀ ਮੌਤ ਹੋਈ ਤਾਂ ਮੋਦੀ ਨੇ ਸਿਰ ਨਹੀਂ ਮੁੰਨਵਾਇਆ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ—ਜਬ ਜੋਸ਼ੀਲੇ ਨੌਜਵਾਨ ਮਿਲ ਜਾਤੇ ਹੈਂ, ਬੜੇ-ਬੜੇ ਤਖਤ ਹਿਲ ਜਾਤੇ ਹੈਂ। ਯੂ ਪੀ ਤੇ ਬਿਹਾਰ ਵਿਚ ਲੋਕ ਸਭਾ ਦੀਆਂ 120 ਸੀਟਾਂ ਹਨ ਤੇ ਜੇ ਅਸੀਂ ਇਨ੍ਹਾਂ ਦੋਹਾਂ ਰਾਜਾਂ ਵਿਚ ਭਾਜਪਾ ਨੂੰ ਵਲ੍ਹੇਟ ਦਿੱਤਾ ਤਾਂ ਉਹ ਕੇਂਦਰ ਵਿਚ ਸਰਕਾਰ ਨਹੀਂ ਬਣਾ ਸਕੇਗੀ।

ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ, ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਤੇ ਸੀ ਪੀ ਆਈ (ਐੱਮ ਐੱਲ) ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੇ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਵੱਡੇ ਬਿਜ਼ਨਸਮੈਨਾਂ ਨੂੰ ਫਾਇਦੇ ਪਹੁੰਚਾ ਰਹੀਆਂ ਹਨ। ਨੌਕਰੀਆਂ ਪੈਦਾ ਕਰਨ ਲਈ ਉਨ੍ਹਾਂ ਤੇਜਸਵੀ ਦੀ ਸਿਫਤ ਕੀਤੀ।

ਤੇਜਸਵੀ ਯਾਦਵ, ਜਿਨ੍ਹਾ ਦੀ ਜਨ-ਵਿਸ਼ਵਾਸ ਯਾਤਰਾ ਦਾ ਸਿਖਰ ਇਹ ਮਹਾਂ ਰੈਲੀ ਸੀ, ਨੇ ਇਸ ਹਿੰਦੀ ਫਿਲਮੀ ਗਾਣੇ ਦੇ ਹਵਾਲੇ ਨਾਲ ਨਿਤੀਸ਼ 'ਤੇ ਹਮਲਾ ਕੀਤਾ—ਇਧਰ ਚਲਾ ਕਭੀ ਉਧਰ ਚਲਾ, ਫਿਸਲ ਗਯਾ। ਰੈਲੀ ਵਿਚ ਭੀੜ ਦੇਖਣ ਵਾਲੀ ਸੀ। ਰਾਜਦ ਦੇ ਕਈ ਹਮਾਇਤੀ ਸ਼ਨੀਵਾਰ ਰਾਤ ਪੁੱਜ ਗਏ ਸਨ। ਲੰਗਰ ਦਾ ਕਾਫੀ ਪ੍ਰਬੰਧ ਸੀ। ਲੋਕ ਗਾਂਧੀ ਮੈਦਾਨ ਵਿਚ ਤੜਕੇ ਹੀ ਪੁੱਜਣ ਲੱਗੇ ਸਨ ਤੇ ਮੀਂਹ ਦੇ ਬਾਵਜੂਦ ਰੈਲੀ ਮੁੱਕਣ ਤੱਕ ਡਟੇ ਰਹੇ।






## 13 ਸਕੂਲ ਆਫ ਐਮੀਨੈਂਸ ਲੋਕਾਂ ਨੂੰ ਸਮਰਪਿਤ




**ਲੁਧਿਆਣਾ** : ਵਿਦਿਆਰਥੀਆਂ ਦੀ ਮਿਆਰੀ ਸਿੱਖਿਆ ਤੱਕ ਪਹੁੰਚ ਯਕੀਨੀ ਬਣਾਉਣ ਲਈ ਆਪਣੀ ਮੁਹਿੰਮ ਜਾਰੀ ਰੱਖਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਤਵਾਰ 13 ਨਵੇਂ ਸਕੂਲ ਆਫ ਐਮੀਨੈਂਸ ਸੂਬੇ ਦੇ ਲੋਕਾਂ ਨੂੰ ਸਮਰਪਿਤ ਕੀਤੇ, ਜਿਸ ਨਾਲ ਸਿੱਖਿਆ ਕ੍ਰਾਂਤੀ ਨੇ ਪੰਜਾਬ ਵਿੱਚ ਇਕ ਹੋਰ ਮੀਲ ਦਾ ਪੱਥਰ ਹਾਸਲ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਸਕੂਲਾਂ ਦੀ ਉਸਾਰੀ ਕਰ ਕੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਉੱਚੀਆਂ ਮੰਜ਼ਲਾਂ ਹਾਸਲ ਕਰਨ ਦੇ ਸੁਪਨਿਆਂ ਨੂੰ ਉਡਾਣ ਦੇ ਰਹੀ ਹੈ। ਉਨ੍ਹਾ ਕਿਹਾ ਕਿ ਦਿੱਲੀ ਤੋਂ ਬਾਅਦ ਹੁਣ ਪੰਜਾਬ ਵਿੱਚ ਸਿੱਖਿਆ ਦੇ ਖੇਤਰ ਵਿੱਚ ਵੱਡੀ ਕ੍ਰਾਂਤੀ ਦੇਖਣ ਨੂੰ ਮਿਲ ਰਹੀ ਹੈ ਅਤੇ ਇਹ ਸਕੂਲ ਉਸੇ ਦਾ ਝਲਕਾਰਾ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਕੂਲ ਤਾਂ ਸਿਰਫ ਸ਼ੁਰੂਆਤ ਹੈ, ਕਿਉਂਕਿ ਗਰੀਬ ਵਿਦਿਆਰਥੀਆਂ ਦੀ ਭਲਾਈ ਲਈ ਅਜਿਹੇ ਹੋਰ ਸਕੂਲ ਖੋਲ੍ਹੇ ਜਾਣਗੇ। ਉਨ੍ਹਾ ਉਮੀਦ ਪ੍ਰਗਟਾਈ ਕਿ ਇਹ ਸਕੂਲ ਆਧੁਨਿਕ ਸਮੇਂ ਦੇ ਮੰਦਰ ਹੋਣਗੇ, ਜੋ ਵਿਦਿਆਰਥੀਆਂ ਦੇ ਜੀਵਨ ਵਿੱਚ ਗੁਣਾਤਮਕ ਤਬਦੀਲੀ ਲਿਆਉਣਗੇ। ਨਿੱਜੀ ਖੇਤਰ ਵਿੱਚ ਸ਼ਾਇਦ ਹੀ ਕੋਈ ਅਜਿਹਾ ਸਕੂਲ ਹੋਵੇ, ਜਿਸ ਵਿੱਚ ਖੇਡ ਮੈਦਾਨ, ਲਾਅਨ ਟੈਨਿਸ, ਸਵੀਮਿੰਗ ਪੂਲ, ਲੈਬਾਰਟਰੀਆਂ ਅਤੇ ਹੋਰ ਸਹੂਲਤਾਂ ਉਪਲੱਬਧ

● ਬਾਕੀ ਸਫ਼ਾ 2 'ਤੇ

## ਡਾ. ਸਰਬਜੀਤ ਸਿੰਘ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਚੁਣੇ ਗਏ



ਡਾ. ਸਰਬਜੀਤ ਸਿੰਘ — ਡਾ. ਪਾਲ ਕੌਰ — ਗੁਲਜ਼ਾਰ ਪੰਧੇਰ

**ਲੁਧਿਆਣਾ** : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀਆਂ ਚੋਣਾਂ ਵਿੱਚ ਐਤਵਾਰ ਡਾ. ਸਰਬਜੀਤ ਸਿੰਘ ਦੇ ਗਰੁੱਪ ਨੇ ਉਤਲੇ ਤਿੰਨ ਅਹੁਦੇ ਜਿੱਤ ਲਏ। ਡਾ. ਸਰਬਜੀਤ ਸਿੰਘ 497 ਵੋਟਾਂ ਲੈ ਕੇ ਪ੍ਰਧਾਨ ਚੁਣੇ ਗਏ। ਡਾ. ਲਖਵਿੰਦਰ ਜੌਹਲ ਨੂੰ 279 ਵੋਟਾਂ ਮਿਲੀਆਂ।

ਡਾ. ਪਾਲ ਕੌਰ 479 ਵੋਟਾਂ ਲੈ ਕੇ ਸੀਨੀਅਰ ਵਾਈਸ ਪ੍ਰਧਾਨ ਚੁਣੇ ਗਏ। ਸ਼ਿੰਦਰਪਾਲ ਨੂੰ 329 ਵੋਟਾਂ ਮਿਲੀਆਂ। ਗੁਲਜ਼ਾਰ ਪੰਧੇਰ 464 ਵੋਟਾਂ ਲੈ ਕੇ ਜਨਰਲ ਸਕੱਤਰ ਚੁਣੇ ਗਏ। ਗੁਰਇਕਬਾਲ ਸਿੰਘ ਨੂੰ 344 ਵੋਟਾਂ ਮਿਲੀਆਂ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਜਗਦੀਸ਼ ਰਾਏ, ਮਾਛੀਵਾੜਾ, 98552-08112



ਸ਼ੈਂਕੀ ਸ਼ਰਮਾ, ਮਾਛੀਵਾੜਾ, 98557-76622



ਹਰਸ਼ ਕੁਮਾਰ, ਮਾਛੀਵਾੜਾ, 95018-19055

ਮਾਛੀਵਾੜਾ ਤੋਂ ਸ਼ਿਵਰਾਤਰੀ ਮੌਕੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

*-ਜਨਰਲ ਮੈਨੇਜਰ*

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। *-ਮੈਨੇਜਰ*

## ਵਪਾਰੀ ਤੇ ਉਦਯੋਗਪਤੀ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ : ਮਾਨ



**ਲੁਧਿਆਣਾ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਐਤਵਾਰ ਇਥੇ ਸਰਕਾਰ-ਵਪਾਰ ਮਿਲਣੀ ਦੌਰਾਨ ਉਦਯੋਗਪਤੀਆਂ ਅਤੇ ਵਪਾਰੀਆਂ ਨਾਲ ਵਿਸਥਾਰਤ ਵਿਚਾਰ-ਵਟਾਂਦਰਾ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸੂਬੇ ਦੀ ਆਰਥਿਕਤਾ ਵਿੱਚ ਉਦਯੋਗ ਅਤੇ ਵਪਾਰ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਇਹ ਹਰੇਕ ਸੂਬੇ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਜਿਸ ਲਈ ਇਸ ਨੂੰ ਹੁਲਾਰਾ ਦੇਣਾ ਲਾਜ਼ਮੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਹੁਣ ਤੱਕ ਟਾਟਾ ਸਟੀਲ, ਸਨਾਤਨ ਟੈਕਸਟਾਈਲ ਅਤੇ ਹੋਰ ਪ੍ਰਮੁੱਖ ਕੰਪਨੀਆਂ ਵੱਲੋਂ 70,000 ਕਰੋੜ ਰੁਪਏ ਦਾ ਨਿਵੇਸ ਕੀਤਾ ਗਿਆ ਹੈ, ਜੋ ਹੋਰ ਕੰਪਨੀਆਂ ਨੂੰ ਨਿਵੇਸ਼ ਲਈ ਉਤਸ਼ਾਹਤ ਕਰੇਗਾ। ਉਹਨਾ ਕਿਹਾ ਕਿ ਦੇਸ ਭਰ ਵਿੱਚੋਂ ਸੂਬੇ 'ਚ ਅਮਨ-ਕਾਨੂੰਨ ਦੀ ਸਥਿਤੀ ਸਭ ਤੋਂ ਵਧੀਆ ਹੈ, ਜਿਸ ਕਾਰਨ ਵੱਡੇ ਪੱਧਰ 'ਤੇ ਉਦਯੋਗ ਸੂਬੇ ਵਿੱਚ ਨਿਵੇਸ਼ ਲਈ ਆ ਰਹੇ ਹਨ। ਇਸ ਦੇ ਉਲਟ ਪਿਛਲੀਆਂ ਸਰਕਾਰਾਂ ਵੇਲੇ ਆਗੂ ਨਿਵੇਸ਼ ਲਈ ਆਉਣ ਵਾਲੇ ਉੱਦਮਾਂ ਵਿੱਚ ਹਿੱਸੇਦਾਰੀ ਮੰਗਦੇ ਸਨ। ਪਹਿਲਾਂ ਸੱਤਾਧਾਰੀ ਪਰਵਾਰਾਂ ਨਾਲ ਸਮਝੌਤਿਆਂ 'ਤੇ ਦਸਤਖਤ ਕੀਤੇ ਜਾਂਦੇ ਸਨ, ਪਰ ਹੁਣ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਇਹ ਸਮਝੌਤੇ ਕੀਤੇ ਜਾਂਦੇ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨਾ ਸੂਬਾ ਸਰਕਾਰ ਦੀ ਮੁੱਖ

● ਬਾਕੀ ਸਫ਼ਾ 2 'ਤੇ

## ਦਿੱਲੀ ਵੱਲ ਮਾਰਚ 6 ਨੂੰ ਮੁੜ ਸ਼ੁਰੂ ਹੋਵੇਗਾ

**ਬਠਿੰਡਾ** : ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੇ ਭੋਗ ਸਮਾਗਮ ਦੌਰਾਨ ਯੂਨੀਅਨ ਆਗੂ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਕਿਸਾਨ 6 ਮਾਰਚ ਨੂੰ ਆਪਣਾ 'ਦਿੱਲੀ ਚੱਲੋ' ਮਾਰਚ ਮੁੜ ਸ਼ੁਰੂ ਕਰਨਗੇ। ਪੰਧੇਰ ਨੇ ਐਲਾਨ ਕੀਤਾ ਕਿ ਕਿਸਾਨ-ਮਜ਼ਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੋਵਾਂ ਨੇ ਫੈਸਲਾ ਕੀਤਾ ਹੈ ਕਿ ਦੇਸ਼ ਭਰ ਦੇ ਕਿਸਾਨ 6 ਮਾਰਚ ਨੂੰ ਦਿੱਲੀ ਵੱਲ ਮਾਰਚ ਕਰਨਗੇ ਅਤੇ ਫਿਲਹਾਲ ਪੰਜਾਬ-ਹਰਿਆਣਾ ਸਰਹੱਦਾਂ 'ਤੇ ਬੈਠੇ ਕਿਸਾਨ ਖਨੌਰੀ ਤੇ ਸ਼ੰਭੂ ਵਿਚ ਰੋਸ ਪ੍ਰਦਰਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਦੇਸ਼ ਭਰ 'ਚ 10 ਮਾਰਚ ਨੂੰ ਦੁਪਹਿਰ ਤੋਂ ਸ਼ਾਮ 4 ਵਜੇ ਤੱਕ ਰੇਲ ਗੱਡੀਆਂ ਰੋਕੀਆਂ ਜਾਣਗੀਆਂ।

## ਕਲਕੱਤਾ ਹਾਈ ਕੋਰਟ ਦੇ ਜੱਜ ਅਭਿਜੀਤ ਅਸਤੀਫਾ ਦੇ ਕੇ ਸਿਆਸਤ 'ਚ ਕੁੱਦਣਗੇ !



**ਕੋਲਕਾਤਾ** : ਕਲਕੱਤਾ ਹਾਈ ਕੋਰਟ ਦੇ ਜੱਜ ਅਭਿਜੀਤ ਗੰਗੋਪਾਧਿਆਇ ਨੇ ਐਤਵਾਰ ਐਲਾਨਿਆ ਕਿ ਉਹ ਮੰਗਲਵਾਰ ਅਸਤੀਫਾ ਦੇ ਦੇਣਗੇ। ਉਹ ਅਸਤੀਫਾ ਰਾਸ਼ਟਰਪਤੀ ਦਰੋਪਦੀ ਮੁਰਮੂ, ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਤੇ ਕਲਕੱਤਾ ਹਾਈ ਕੋਰਟ ਦੇ ਚੀਫ ਜਸਟਿਸ ਟੀ ਐੱਸ ਸ਼ਿਵਗਨਨਮ ਨੂੰ ਘੱਲਣਗੇ। ਮੀਡੀਆ ਰਿਪੋਰਟਾਂ ਹਨ ਕਿ ਉਹ ਸਿਆਸਤ ਵਿਚ ਕੁੱਦ ਰਹੇ ਹਨ, ਹਾਲਾਂਕਿ ਉਨ੍ਹਾ ਪੱਤਰਕਾਰਾਂ ਨੂੰ ਇਸ ਬਾਰੇ ਕੁਝ ਦੱਸਣ ਤੋਂ ਨਾਂਹ ਕਰ ਦਿੱਤੀ। 1962 ਵਿਚ ਕੋਲਕਾਤਾ ਵਿਚ ਪੈਦਾ ਹੋਏ ਜਸਟਿਸ ਅਭਿਜੀਤ 2018 ਵਿਚ ਕਲਕੱਤਾ ਹਾਈ ਕੋਰਟ ਦੇ ਐਡੀਸ਼ਨਲ ਜੱਜ ਬਣੇ ਸਨ। ਉਨ੍ਹਾ ਦੇ ਟੀਚਰ ਭਰਤੀ ਤੇ ਹੋਰ ਨਿਯੁਕਤੀਆਂ ਬਾਰੇ ਫੈਸਲਿਆਂ ਨੇ ਹੁਕਮਰਾਨ ਤ੍ਰਿਣਮੂਲ ਕਾਂਗਰਸ ਨੂੰ ਸੰਕਟ ਵਿਚ ਪਾਈ ਰੱਖਿਆ ਹੈ।

## ਅੱਜ-ਨਾਮਾ

ਟਿਕਟਾਂ ਵਾਲੀ ਜਦ ਸੂਚੀ ਸੀ ਹੋਈ ਜਾਰੀ,
ਭਾਜਪਾ ਅੰਦਰ ਹੈ ਵਧ ਗਿਆ ਰੋਸ ਬੇਲੀ।
ਲੱਭੀ ਜਿਨ੍ਹਾਂ ਨੂੰ ਟਿਕਟ, ਨੇ ਖੁਸ਼ ਬਾਹਲੇ,
ਕਹਿੰਦੇ ਕੰਮਾਂ ਦਾ ਸਿੱਟਾ ਇਹ ਠੋਸ ਬੇਲੀ।
ਖੁੱਸੀ ਟਿਕਟ ਤੋਂ ਰੋਂਦੇ ਪਏ ਕਈ ਜਿਹੜੇ,
ਭਾਜਪਾ ਆਗੂਆਂ ਨੂੰ ਰਹੇ ਆ ਕੋਸ ਬੇਲੀ।
ਦਿਲੋਂ ਖੁਸ਼, ਪਰ ਰਸਮ ਦੀ ਪੂਰਤੀ ਲਈ,
ਕਰਦੇ ਉਨ੍ਹਾਂ ਕੋਲ ਦੋਸਤ ਅਫਸੋਸ ਬੇਲੀ।
ਟਿਕਟਾਂ ਦੇਣ ਦਾ ਵਰਤਿਆ ਗਜ਼ ਕਿਹੜਾ,
ਜਾਣਦੇ ਸਿਰਫ ਹਨ ਮੋਦੀ ਤੇ ਸ਼ਾਹ ਬੇਲੀ।
ਜੀਹਨੂੰ ਚਾਹੁੰਦੇ ਆਕਾਸ਼ੀਂ ਨੇ ਚਾੜ੍ਹ ਦੇਂਦੇ,
ਜਿਸ ਨੂੰ ਦਿਲ ਕਰਦਾ, ਦਿੰਦੇ ਲਾਹ ਬੇਲੀ।

*-ਤੀਸ ਮਾਰ ਖਾਂ*

## ਰੇਲ ਗਰੀਬਾਂ ਦੀ ਸਵਾਰੀ ਨਹੀਂ ਰਹੀ : ਰਾਹੁਲ



**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਸਰਕਾਰ ਭਾਰਤੀ ਰੇਲਵੇ ਲਈ ਨੀਤੀਆਂ ਸਿਰਫ ਅਮੀਰਾਂ ਨੂੰ ਧਿਆਨ 'ਚ ਰੱਖ ਕੇ ਬਣਾ ਰਹੀ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵਿਸ਼ਵਾਸ 'ਧੋਖੇ ਦੀ ਗਰੰਟੀ' ਹੈ। ਰਾਹੁਲ ਨੇ ਕਿਹਾ ਕਿ ਲੋਕਾਂ ਨੂੰ 'ਇਲੀਟ ਟ੍ਰੇਨ' ਦੀ ਤਸਵੀਰ ਦਿਖਾ ਕੇ ਭਰਮਾਇਆ ਜਾ ਰਿਹਾ ਹੈ, ਜਿਸ 'ਤੇ ਗਰੀਬ ਪੈਰ ਵੀ ਨਹੀਂ ਰੱਖ ਸਕਦਾ। ਐੱਕਸ 'ਤੇ ਇਕ ਪੋਸਟ 'ਚ ਰਾਹੁਲ ਨੇ ਕਿਹਾ ਕਿ ਗਰੀਬ ਅਤੇ ਮੱਧ ਵਰਗ ਦੇ ਯਾਤਰੀ ਰੇਲਵੇ ਨੂੰ ਤਰਜੀਹ ਤੋਂ ਕੰਨੀ ਕਤਰਾਉਣ ਲੱਗੇ ਹਨ। ਨਰਿੰਦਰ ਮੋਦੀ ਉਨ੍ਹਾਂ ਤੋਂ 'ਗਰੀਬਾਂ ਦੀ ਰੇਲਵੇ' ਖੋਹ ਰਹੇ ਹਨ। ਹਰ ਸਾਲ ਕਿਰਾਏ 'ਚ 10 ਫੀਸਦੀ ਵਾਧੇ ਦੇ ਨਾਂਅ 'ਤੇ ਲੋਕਾਂ ਦੀ ਲੁੱਟ, ਵਧ ਰਹੇ ਹੋਰ ਚਾਰਜ ਅਤੇ ਮਹਿੰਗੀਆਂ ਪਲੇਟਫਾਰਮ ਟਿਕਟਾਂ ਕਾਰਨ ਗਰੀਬ ਰੇਲ 'ਚ ਪੈਰ ਵੀ ਨਹੀਂ ਰੱਖ ਸਕਦਾ। ਉਨ੍ਹਾ ਇਹ ਵੀ ਦੋਸ਼ ਲਾਇਆ ਕਿ ਸਰਕਾਰ ਨੇ ਪਿਛਲੇ ਤਿੰਨ ਸਾਲਾਂ 'ਚ ਬਜ਼ੁਰਗਾਂ ਨੂੰ ਦਿੱਤੀਆਂ ਛੋਟਾਂ ਖੋਹ ਕੇ ਉਨ੍ਹਾਂ ਤੋਂ 3700 ਕਰੋੜ ਰੁਪਏ ਇਕੱਠੇ ਕੀਤੇ ਹਨ।


## ਤੋਦਾ ਡਿੱਗਣ ਨਾਲ ਝਨਾਂ ਦੇ ਵਹਾਅ 'ਚ ਅੜਿੱਕਾ



**ਸ਼ਿਮਲਾ** : ਐਤਵਾਰ ਵੱਡੇ ਤੜਕੇ ਹਿਮਾਚਲ ਦੇ ਲਾਹੌਲ ਤੇ ਸਪਿਤੀ ਜ਼ਿਲ੍ਹੇ ਦੇ ਪਿੰਡ ਜਸਰਾਟ ਨੇੜੇ ਦਾਰਾ ਝਰਨੇ ਵਿਚ ਬਰਫ ਦਾ ਤੋਦਾ ਡਿੱਗਣ ਕਾਰਨ ਝਨਾਂ ਦਰਿਆ ਦੇ ਵਹਾਅ ਵਿਚ ਅੜਿੱਕਾ ਪੈਣ ਤੋਂ ਬਾਅਦ ਇਲਾਕੇ ਵਿਚ ਅਲਰਟ ਜਾਰੀ ਕਰਨਾ ਪਿਆ।

ਦੋ ਦਿਨਾਂ ਤੋਂ ਭਾਰੀ ਬਰਫਬਾਰੀ ਕਾਰਨ ਸੂਬੇ ਵਿਚ ਅੱਧੀ ਦਰਜਨ ਤੋਂ ਵੱਧ ਥਾਈਂ ਤੋਦੇ ਡਿੱਗ ਚੁੱਕੇ ਹਨ। ਨਤੀਜੇ ਵਜੋਂ ਪੰਜ ਕੌਮੀ ਸ਼ਾਹਰਾਹਾਂ ਸਣੇ 500 ਤੋਂ ਵੱਧ ਸੜਕਾਂ ਬੰਦ ਹੋ ਗਈਆਂ ਹਨ।

## ਸ਼ਾਹਬਾਜ਼ ਪਾਕਿਸਤਾਨ ਦੇ ਦੂਜੀ ਵਾਰ ਪ੍ਰਧਾਨ ਮੰਤਰੀ ਬਣੇ



**ਇਸਲਾਮਾਬਾਦ** : ਕੌਮੀ ਅਸੰਬਲੀ 'ਚ ਆਸਾਨੀ ਨਾਲ ਬਹੁਮਤ ਹਾਸਲ ਕਰਨ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੇ ਆਗੂ ਸ਼ਾਹਬਾਜ਼ ਸ਼ਰੀਫ ਐਤਵਾਰ ਗੱਠਜੋੜ ਸਰਕਾਰ ਦੀ ਅਗਵਾਈ ਕਰਨ ਲਈ ਦੂਜੀ ਵਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣੇ। ਪੀ ਐੱਮ ਐੱਲ-ਐੱਨ ਅਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਸਰਬਸੰਮਤੀ ਨਾਲ ਉਮੀਦਵਾਰ 72 ਸਾਲਾ ਸ਼ਾਹਬਾਜ਼ ਨੂੰ 201 ਵੋਟਾਂ ਮਿਲੀਆਂ, ਜੋ 336 'ਚ ਸਦਨ ਦਾ ਨੇਤਾ ਬਣਨ ਲਈ ਲੋੜੀਂਦੀਆਂ ਵੋਟਾਂ ਨਾਲੋਂ 32 ਵੱਧ ਹਨ। ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਦੇ ਉਮੀਦਵਾਰ ਉਮਰ ਅਯੂਬ ਖਾਨ ਨੂੰ 92 ਵੋਟਾਂ ਮਿਲੀਆਂ। ਸ਼ਾਹਬਾਜ਼ ਨੂੰ ਸੋਮਵਾਰ ਰਾਸ਼ਟਰਪਤੀ ਭਵਨ 'ਚ ਅਹੁਦੇ ਦੀ ਸਹੁੰ ਚੁਕਾਈ ਜਾਵੇਗੀ।

4-March-PAGE-4-2024.qxd 3/3/2024 9:56 PM Page 1

ਨਵਾਂ ਜ਼ਮਾਨਾ
ਸੋਮਵਾਰ, 4 ਮਾਰਚ 2024

# ਮੋਦੀ-ਮਮਤਾ ਮਿਲਣੀ

ਲੋਕ ਸਭਾ ਚੋਣਾਂ ਦੇ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੱਛਮੀ ਬੰਗਾਲ ਦੇ ਨਾਦੀਆ ਸ਼ਹਿਰ ’ਚ ਸ਼ਨੀਵਾਰ ਕੀਤੀ ਗਈ ਤਕਰੀਰ ਵਿਚ ਮੁੱਖ ਮੰਤਰੀ ਮਮਤਾ ਬੈਨਰਜੀ ਤੇ ਲੋਕ ਸਭਾ ਵਿਚ ਮੋਦੀ ਸਰਕਾਰ ’ਤੇ ਤਿੱਖੇ ਹਮਲੇ ਕਰਨ ਵਾਲੀ ਮਹੂਆ ਮੋਇਤਰਾ ਪ੍ਰਤੀ ਅਪਣਾਈ ਗਈ ਖਾਮੋਸ਼ੀ ਨੇ ਸੂਬੇ ਦੇ ਭਾਜਪਾ ਆਗੂਆਂ ਨੂੰ ਕਸੂਤਾ ਫਸਾ ਦਿੱਤਾ ਹੈ। ਮੋਦੀ ਨੇ ਤ੍ਰਿਣਮੂਲ ਕਾਂਗਰਸ ਦੀ ਲੀਡਰਸ਼ਿਪ ’ਤੇ ਨਰੇਗਾ ਸਕੀਮ ’ਚ ਘਪਲੇ ਦੇ ਦੋਸ਼ ਲਾਏ ਤੇ ਸੰਦੇਸ਼ਖਾਲੀ ਵਿਚ ਤ੍ਰਿਣਮੂਲ ਕਾਂਗਰਸ ਦੇ ਆਗੂ ਸ਼ਾਹਜਹਾਂ ਸ਼ੇਖ ਦੇ ਦਮਨ ਦਾ ਜ਼ਿਕਰ ਕੀਤਾ, ਪਰ ਸ਼ੁੱਕਰਵਾਰ ਆਰਾਮਬਾਗ ਦੀ ਰੈਲੀ ਦੇ ਉਲਟ ਮਮਤਾ ਦਾ ਜ਼ਿਕਰ ਨਹੀਂ ਕੀਤਾ। ਮਮਤਾ ਬੈਨਰਜੀ ਨੇ ਇਕ ਦਿਨ ਪਹਿਲਾਂ ਮੋਦੀ ਨਾਲ ਰਾਜ ਭਵਨ ਵਿਚ ਸ਼ਿਸ਼ਟਾਚਾਰ ਮੁਲਾਕਾਤ ਕੀਤੀ ਸੀ। ਮੋਦੀ ਤੋਂ ਪਹਿਲਾਂ ਸੂਬਾਈ ਭਾਜਪਾ ਆਗੂਆਂ ਨੇ ਮਮਤਾ ’ਤੇ ਤਿੱਖੇ ਹਮਲੇ ਕੀਤੇ ਸਨ। ਦਰਅਸਲ ਚੋਣਾਂ ਵਿਚ ਮਮਤਾ ’ਤੇ ਹਮਲੇ ਹੀ ਉਨ੍ਹਾਂ ਦਾ ਮੁੱਖ ਹਥਿਆਰ ਹੈ। ਮੋਦੀ ਦੀ ਖਾਮੋਸ਼ੀ ਤੋਂ ਬਾਅਦ ਭਾਜਪਾ ਆਗੂ ਕਹਿ ਰਹੇ ਹਨ ਕਿ ਉਨ੍ਹਾਂ ਲਈ ਕਾਡਰ ਨੂੰ ਸਮਝਾਉਣਾ ਮੁਸ਼ਕਲ ਹੋ ਜਾਵੇਗਾ ਕਿ ਪਾਰਟੀ ਦੀ ਪਾਲਿਸੀ ਕੀ ਹੈ? ਕਈ ਭਾਜਪਾ ਸੂਤਰਾਂ ਨੇ ਕਿਹਾ ਕਿ ਉਹ ਮੋਦੀ-ਮਮਤਾ ਦੀ ਮੀਟਿੰਗ ਬਾਰੇ ਨਰਵਸ ਹਨ, ਕਿਉਂਕਿ ਇਸ ਨਾਲ ਖੱਬੀਆਂ ਪਾਰਟੀਆਂ ਤੇ ਕਾਂਗਰਸ ਨੂੰ ਇਹ ਕਹਿਣ ਦਾ ਮੌਕਾ ਮਿਲ ਜਾਣਾ ਕਿ ਮੋਦੀ ਤੇ ਮਮਤਾ ਵਿਚਾਲੇ ਸੌਦੇਬਾਜ਼ੀ ਹੋ ਚੁੱਕੀ ਹੈ। ਮਮਤਾ ਨਾਲ ਰਾਜ ਭਵਨ ਵਿਚ ਮੋਦੀ ਦੀ ਮੀਟਿੰਗ ਸੂਬਾਈ ਪਾਰਟੀ ਯੂਨਿਟ ਲਈ ਚੰਗੀ ਖਬਰ ਨਹੀਂ। ਭਾਜਪਾ ਆਗੂ ਸੋਚ ਰਹੇ ਸਨ ਕਿ ਮੋਦੀ ਮਹੂਆ ਮੋਇਤਰਾ ਦੇ ਹਲਕੇ ਕ੍ਰਿਸ਼ਨ ਨਗਰ ਵਿਚ ਮਹੂਆ ’ਤੇ ਹਮਲਾ ਬੋਲਣਗੇ, ਪਰ ਕੁਝ ਨਹੀਂ ਬੋਲੇ। ਮੋਦੀ ਤੋਂ ਪਹਿਲਾਂ ਬੋਲਣ ਵਾਲੇ ਭਾਜਪਾ ਆਗੂਆਂ ਨੇ ਮਹੂਆ ’ਤੇ ਤਿੱਖੇ ਹਮਲੇ ਕੀਤੇ ਸਨ। ਸਿਆਸੀ ਅਬਜ਼ਰਵਰ ਮੋਦੀ ਵੱਲੋਂ ਮਹੂਆ ਦਾ ਜ਼ਿਕਰ ਨਾ ਕਰਨ ਨੂੰ ਚਲਾਕ ਸਿਆਸੀ ਚਾਲ ਮੰਨ ਰਹੇ ਹਨ।

ਮਮਤਾ ਬੈਨਰਜੀ ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ ‘ਇੰਡੀਆ’ ਦਾ ਹਿੱਸਾ ਹੋਣ ਦੇ ਬਾਵਜੂਦ ਸੀਟਾਂ ਦੀ ਵੰਡ ਦੇ ਮਾਮਲੇ ਵਿਚ ਕਾਂਗਰਸ ਨੂੰ ਬਣਦੀਆਂ ਸੀਟਾਂ ਦੇਣ ਲਈ ਰਾਜ਼ੀ ਨਹੀਂ। ਭਾਜਪਾ ਦੀ 195 ਉਮੀਦਵਾਰਾਂ ਦੀ ਪਹਿਲੀ ਲਿਸਟ ਵਿਚ ਕਈ ਅਜਿਹੇ ਸਾਂਸਦਾਂ ਨੂੰ ਟਿਕਟ ਤੋਂ ਨਾਂਹ ਕਰ ਦਿੱਤੀ ਗਈ ਹੈ, ਜਿਹੜੇ ਫਿਰਕੂ ਜ਼ਹਿਰ ਫੈਲਾਉਣ ਦਾ ਕੰਮ ਕਰਦੇ ਰਹੇ ਹਨ। ਭਾਜਪਾ ਨੂੰ ਸਮਝ ਆ ਗਈ ਲੱਗਦੀ ਹੈ ਕਿ ਫਿਰਕੂ ਕਤਾਰਬੰਦੀ ਐਤਕੀਂ ਕੰਮ ਨਹੀਂ ਆਉਣੀ। ਹਿੰਦੀ ਭਾਸ਼ੀ ਰਾਜਾਂ ਵਿਚ ਉਹ ਜਿੰਨੀਆਂ ਸੀਟਾਂ ਜਿੱਤ ਸਕਦੀ ਸੀ, ਜਿੱਤ ਚੁੱਕੀ ਹੈ, ਹੁਣ ਉਹ ਵਧਣੀਆਂ ਨਹੀਂ, ਸਗੋਂ ਘਟਣੀਆਂ ਹੀ ਹਨ। ਦੱਖਣ ਵਿਚ ਵੀ ਉਸ ਪੱਲੇ ਖਾਸ ਪੈਂਦਾ ਨਹੀਂ ਲੱਗ ਰਿਹਾ। ਮੋਦੀ-ਮਮਤਾ ਦੀ ਮਿਲਣੀ ਨੂੰ ਇਸ ਸੰਦਰਭ ਵਿਚ ਵੀ ਦੇਖਿਆ ਜਾ ਸਕਦਾ ਹੈ। ਮਮਤਾ ਅਟਲ ਬਿਹਾਰੀ ਵਾਜਪਾਈ ਹਕੂਮਤ ਵਿਚ ਰੇਲ ਮੰਤਰੀ ਰਹਿ ਚੁੱਕੀ ਹੈ। ਖੱਬੀਆਂ ਪਾਰਟੀਆਂ ਤੇ ਕਾਂਗਰਸ ਦੇ ਆਪਣੇ ਵਿਰੋਧ ਦੇ ਚਲਦਿਆਂ ਉਹ ਵੀ ਨਿਤੀਸ਼ ਕੁਮਾਰ ਵਰਗਾ ਕੌਤਕ ਕਰ ਸਕਦੀ ਹੈ।

# ਅਖੌਤੀ ਬਾਬਿਆਂ ਦਾ ਮੱਕੜ ਜਾਲ ਅਤੇ ਜਨਤਾ!


ਜੰਗੀਰ ਸਿੰਘ ਦਿਲਬਰ

ਅਖੌਤੀ ਅਤੇ ਢੌਂਗੀ ਬਾਬਿਆਂ ਦਾ ਧਰਤੀ ’ਤੇ ਬੋਲਬਾਲਾ ਅੱਜ ਤੋਂ ਨਹੀਂ, ਇਹ ਸਦੀਆਂ ਤੋਂ ਹੀ ਚੱਲਦਾ ਆ ਰਿਹਾ ਹੈ। ਇਹ ਜ਼ਰੂਰ ਹੈ ਕਿ ਇਸ ਦੇ ਤੌਰ-ਤਰੀਕੇ ਸਮੇਂ ਅਤੇ ਸਥਾਨ ਅਨੁਸਾਰ ਬਦਲਦੇ ਰਹੇ ਹਨ। ਜਿਉਂ-ਜਿਉਂ ਸਮਾਂ ਬਦਲਦਾ ਗਿਆ, ਤਿਉਂ-ਤਿਉਂ ਢੌਂਗੀ ਬਾਬਿਆਂ ਨੇ ਦੁਨੀਆ ਦੇ ਹਰ ਖ਼ੇਤਰ ਅਤੇ ਹਰ ਵਰਗ ਦੇ ਲੋਕਾਂ ਅੰਦਰ ਆਪਣੀ ਸਮਝ ਅਤੇ ਆਪਣੇ ਸਾਧਨਾਂ ਦੁਆਰਾ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ, ਕਾਮਯਾਬ ਵੀ ਹੋ ਗਏ ਅਤੇ ਹੋ ਵੀ ਰਹੇ ਹਨ।

ਇਹ ਬਹੁ-ਰੂਪਏ ਲੋਕ ਆਪਣਾ ਮੱਕੜ ਜਾਲ ਫੈਲਾਉਣ ਲਈ ਸਭ ਤੋਂ ਪਹਿਲਾਂ ਅਜਿਹਾ ਇਲਾਕਾ ਲੱਭਦੇ ਹਨ, ਜਿੱਥੋਂ ਦੀ 75% ਜਨਤਾ ਬਿਲਕੁਲ ਅਨਪੜ੍ਹ ਅਤੇ ਬਾਕੀ ਵੀ ਬਹੁਤ ਘੱਟ ਸੂਝ-ਬੂਝ ਦੇ ਮਾਲਕ ਹੋਣ, ਨਵੀਆਂ-ਨਵੀਆਂ ਖੋਜਾਂ ਤੋਂ ਅਣਜਾਣ ਹੋਣ, ਅੰਧ-ਵਿਸ਼ਵਾਸ ਦੇ ਪਾਤਰ ਹੋਣ, ਮੜ੍ਹੀਆਂ-ਮਸਾਣੀਆਂ ਨੂੰ ਪੂਜਣ ਵਾਲੇ ਹੋਣ, ਅਤਿ ਦੇ ਗਰੀਬ ਹੋਣ, ਵੱਧ ਤੋਂ ਵੱਧ ਪੱਛੜੇ ਖਿਆਲਾਂ ਦੇ ਧਾਰਨੀ ਹੋਣ ਅਤੇ ਹਰ ਖੇਤਰ ਦੇ ਨਾਲ ਨਾਲ ਹਰ ਪੱਖ ਤੋਂ ਪਿੱਛੇਲੱਗ ਅਤੇ ਪਿਛਾਂ ਖਿੱਚੂ ਹੋਣ। ਇਸ ਤੋਂ ਬਾਅਦ ਉਹ ਉਸ ਇਲਾਕੇ ਵਿੱਚੋਂ ਕਿਸੇ ਨਾ ਕਿਸੇ ਢੰਗ ਨਾਲ ਕੁਝ ਲਾਲਚੀ ਲੋਕਾਂ ਦੀ ਤਲਾਸ਼ ਕਰਕੇ ਉਨ੍ਹਾਂ ਨੂੰ ਮੋਟੀਆਂ ਰਕਮਾਂ ਦੇ ਕੇ ਖ਼ਰੀਦ ਲੈਣ ਦੇ ਨਾਲ-ਨਾਲ ਆਪਣੇ ਪੱਕੇ ਸ਼ਰਧਾਲੂ ਬਣਾ ਕੇ ਆਲੇ-ਦੁਆਲੇ ਦੇ ਪਿੰਡਾਂ ਵਿੱਚੋਂ ਅਤਿ ਦੇ ਗਰੀਬ ਲੋਕਾਂ ਦੀ ਪਹਿਚਾਣ ਕਰਨ ਲਈ ਡਿਊਟੀਆਂ ਲਾ ਦਿੰਦੇ ਹਨ। ਇੰਝ ਲਾਲਚੀ ਚਮਚੇ ਗਰੀਬ ਤੋਂ ਗਰੀਬ ਅਤੇ ਹਰ ਤਰ੍ਹਾਂ ਹਰ ਪਾਸਿਓਂ ਲਾਚਾਰ ਆਦਮੀਆਂ ਨੂੰ ਕੁਝ ਲਾਲਚ ਦੇ ਕੇ ਇਨ੍ਹਾਂ ਢੌਂਗੀ ਅਤੇ ਅਖੌਤੀ ਬਾਬਿਆਂ ਦੇ ਬਣਾਏ ਆਰਜ਼ੀ ਤੌਰ ’ਤੇ ਆਸ਼ਰਮ ਵਿੱਚ ਆਉਣ ਦੇ ਪੱਕੇ ਸ਼ਰਧਾਲੂ ਬਣਾ ਦਿੰਦੇ ਹਨ। ਜਦੋਂ ਇਹ ਸਾਰੀ ਕਾਰਵਾਈ ਹੋ ਜਾਂਦੀ ਹੈ ਤਾਂ ਬਾਬੇ ਆਪਣੇ (ਸ਼ਰਧਾਲੂਆਂ), ਚੇਲੇ ਚੇਲੀਆਂ ਨੂੰ ਹਦਾਇਤਾਂ ਜਾਰੀ ਕਰਦੇ ਹਨ ਕਿ ਗਰੀਬ ਅਤੇ ਅਤਿ ਲੋੜਵੰਦ ਲੋਕਾਂ ਦੀ ਪਹਿਚਾਣ ਕਰਕੇ ਆਪਣੇ-ਆਪਣੇ ਇਲਾਕੇ ਵਿੱਚ ਲੋਕਾਂ ਨੂੰ ਕਿਤੇ-ਕਿਤੇ ਇਕ-ਇਕ, ਦੋ-ਦੋ ਕਮਰੇ ਬਣਵਾ ਦਿਓ, ਛੋਟੇ-ਛੋਟੇ ਕਾਰੋਬਾਰ ਜਿਵੇਂ ਟਾਫੀਆਂ ਦੀਆਂ, ਬਿਸਕੁਟਾਂ ਦੀਆਂ, ਪੈਂਚਰ ਲਾਉਣ ਦੀਆਂ, ਵੈਲਡਿੰਗ ਕਰਨ ਦੀਆਂ, ਸਬਜ਼ੀ ਬਗੈਰਾ ਤੋਂ ਇਲਾਵਾ ਹੋਰ ਛੋਟੇ ਕੰਮਾਂ ਦੀਆਂ ਦੁਕਾਨਾਂ ਖੁਲ੍ਹਵਾ ਕੇ ਨਾਲ ਹਦਾਇਤਾਂ ਵੀ ਕਰ ਦਿਓ ਕਿ ਇਨ੍ਹਾਂ ਦੁਕਾਨਾਂ ’ਤੇ ਵਿਕਣ ਵਾਲਾ ਜਾਂ ਤਿਆਰ ਹੋਣ ਵਾਲਾ ਸਾਮਾਨ ਬਾਬਿਆਂ ਵੱਲੋਂ ਨਿਰਧਾਰਕ ਕਾਰੋਬਾਰੀ ਖੇਤਰ ’ਚੋਂ ਹੀ ਆਵੇਗਾ, ਕਿਉਂਕਿ ਇੰਝ ਹੋਣ ਨਾਲ ਇਨ੍ਹਾਂ ਦੇ ਸਾਮਾਨ ਦੀ ਕੀਮਤ ਦਸ ਗੁਣਾ ਵੀ ਵਸੂਲ ਕੀਤੀ ਜਾ ਸਕਦੀ ਹੈ।

ਗੱਲ ਇੱਥੇ ਹੀ ਖਤਮ ਨਹੀਂ ਹੁੰਦੀ, ਇਨ੍ਹਾਂ ਅਖੌਤੀ ਅਤੇ ਪਾਖੰਡੀ ਬਾਬਿਆਂ ਦੇ ਅੰਨ੍ਹੇ ਭਗਤ ਅਤੇ ਭਗਤਣੀਆਂ ਨੂੰ ਬਾਬਿਆਂ ਵੱਲੋਂ ਅਗਲੇ ਆਦੇਸ਼ ਦਿੱਤੇ ਜਾਂਦੇ ਹਨ ਕਿ ਵੱਧ ਤੋਂ ਵੱਧ ਇਲਾਕੇ ਵਿੱਚ ਥਾਂ-ਥਾਂ ਵੱਡੇ-ਵੱਡੇ ਸਮਾਗਮ ਕਰਕੇ ਲੋਕਾਂ ਅੰਦਰ ਇਹ ਗੱਲ ਫੈਲਾ ਦੇਵੋ ਕਿ ਸਾਡੇ ਬਾਬੇ ਹਰ ਕਿਸਮ ਦੀ ਬਿਮਾਰੀ ਦਾ ਇਲਾਜ ਬਿਲਕੁਲ ਮੁਫ਼ਤ ਕਰਦੇ ਹਨ। ਇਸ ਤੋਂ ਇਲਾਵਾ ਆਪਣੇ ਪਹਿਲੀ ਕਤਾਰ ਵਾਲੇ ਚੇਲੇ-ਚੇਲੀਆਂ ਨੂੰ ਗੁਪਤ ਸੁਨੇਹਾ ਵੀ ਦੇ ਦਿੰਦੇ ਹਨ ਕਿ ਵੱਧ ਤੋਂ ਵੱਧ ਗਰੀਬ ਅਤੇ ਵਿਸ਼ਵਾਸ ਪਾਤਰ ਲੋਕ ਤਿਆਰ ਕੀਤੇ ਜਾਣ, ਜਿਨ੍ਹਾਂ ਦੀਆਂ ਆਰਜ਼ੀ ਤੌਰ ’ਤੇ ਧੌਣਾਂ, ਲੱਤਾਂ, ਬਾਂਹਾਂ, ਢੂਈਆਂ ਜਾਂ ਸਰੀਰ ਦੇ ਕਿਸੇ ਹੋਰ ਅੰਗਾਂ ਵਿਚ ਨੁਕਸ ਇੰਝ ਦਿਸਦਾ ਹੋਵੇ, ਜਿਵੇਂ ਸੰਬੰਧਤ ਆਦਮੀ ਸੱਚ ਨਾਲ ਹੀ ਦਿਸਣ ਵਾਲੀ ਬਿਮਾਰੀ ਤੋਂ ਪੀੜਤ ਹੈ, ਪਰ ਬਿਮਾਰੀ ਨਕਲੀ ਹੋਵੇ, ਜੋ ਬਾਬਿਆਂ ਦੇ ਹੱਥ ਲਾਉਣ ’ਤੇ ਹੀ ਠੀਕ ਹੋ ਜਾਵੇ। ਇਸ ਤੋਂ ਇਲਾਵਾ ਲੰਗੜੇ, ਲੂਲ੍ਹੇ, ਨੀਮ ਪਾਗਲ, ਅੱਖਾਂ ਬੰਦ ਹੋਣ ਜਾਂ ਦਿਸਦਾ ਨਾ ਹੋਵੇ ਆਦਿ ਕਿਸਮ ਦੇ ਲੋਕ ਵੀ ਤਿਆਰ ਕਰਨੇ ਹਨ। ਜਦੋਂ ਇਸ ਕਿਸਮ ਦੇ ਲੋਕ ਮਿਲ ਜਾਂਦੇ ਹਨ ਤਾਂ ਬਾਬੇ ਆਪਣੇ ਚਹੇਤੇ ਚਮਚੇ-ਚਮਚੀਆਂ ਨੂੰ ਆਦੇਸ਼ ਦਿੰਦੇ ਹਨ ਕਿ ਆਪਣੇ ਵੱਖ-ਵੱਖ ਇਲਾਕਿਆਂ ਵਿੱਚ ਬਣ ਚੁੱਕੇ ਆਸ਼ਰਮਾਂ ਵਿੱਚ ਵੱਡੇ-ਵੱਡੇ ਇਕੱਠ ਕਰਕੇ ਅਜਿਹੇ ਲੋਕਾਂ ਨੂੰ ਇਲਾਜ ਲਈ ਬੁਲਾਇਆ ਜਾਵੇ।

ਜਿਉਂ-ਜਿਉਂ ਡੇਰਿਆਂ, ਆਸ਼ਰਮਾਂ ਜਾਂ ਹੋਰ ਧਾਰਮਿਕ ਥਾਂਵਾਂ ਦੀ ਗਿਣਤੀ ਵਧਣ ਲੱਗਦੀ ਹੈ, ਤਿਉਂ-ਤਿਉਂ ਇਨ੍ਹਾਂ ਦੇ ਸ਼ਰਧਾਲੂਆਂ ਦੀ ਗਿਣਤੀ ਵੀ ਬਹੁਤ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਹਰ ਆਦਮੀ ਅੰਦਰ ਇਨ੍ਹਾਂ ਪਾਖੰਡੀ ਬਾਬਿਆਂ ਦੇ ਬਹੁਤ ਹੀ ਨੇੜੇ ਹੋਣ ਦੀ ਇਕ ਦੌੜ ਜਿਹੀ ਲੱਗ ਜਾਂਦੀ ਹੈ, ਜਿਉਂ-ਜਿਉਂ ਸ਼ਰਧਾਲੂਆਂ ਦੀ ਭੀੜ ਵਧਦੀ ਜਾਂਦੀ ਹੈ, ਤਿਉਂ-ਤਿਉਂ ਬਾਬਿਆਂ ਦੇ ਧਾਰਮਿਕ ਥਾਂਵਾਂ ਦੀ ਗਿਣਤੀ ਦੇਸ਼ਾਂ-ਵਿਦੇਸ਼ਾਂ ਵਿੱਚ ਫੈਲਣੀ ਸ਼ੁਰੂ ਹੋ ਜਾਂਦੀ ਹੈ।

ਜਦੋਂ ਢੌਂਗੀ ਬਾਬਿਆਂ ਦੇ ਚੇਲੇ-ਚੇਲੀਆਂ ਦੀ ਗਿਣਤੀ ਵਧ ਜਾਂਦੀ ਹੈ ਤਾਂ ਬਾਬਿਆਂ ਦੀ ਸ਼ੈਤਾਨੀ ਸੋਚ ਧਨ-ਦੌਲਤ ਇਕੱਠੀ ਕਰਨ ਵੱਲ ਤੁਰਦੀ ਹੈ। ਜਦੋਂ ਸ਼ਰਧਾਲੂਆਂ ਦੀ ਗਿਣਤੀ ਵਧ ਜਾਂਦੀ ਹੈ ਤਾਂ ਹਰ ਅੰਨ੍ਹਾ ਭਗਤ ਵੱਧ ਤੋਂ ਵੱਧ ਕੋਸ਼ਿਸ਼ ਕਰਦਾ ਹੈ ਕਿ ਉਹ ਬਾਬਿਆਂ ਦੇ ਸਭ ਤੋਂ ਨੇੜੇ ਹੋਵੇ, ਚੇਲਿਆਂ ਦੀ ਇਸ ਦੌੜ ਵਿੱਚੋਂ ਬਾਬਿਆਂ ਦੀ ਪਾਰਖੂ ਅਤੇ ਸ਼ੈਤਾਨੀ ਅੱਖ ਸਭ ਤੋਂ ਮੂਰਖ ਚੇਲੇ, ਚੇਲੀਆਂ ਨੂੰ ਆਪਣੀ ਕਿਚਨ ਕੈਬਨਿਟ ਦਾ ਮੈਂਬਰ ਬਣਾ ਕੇ ਉਨ੍ਹਾਂ ਦੀਆਂ ਡਿਊਟੀਆਂ ਲਗਾ ਦਿੰਦੇ ਹਨ ਕਿ ਆਪਣੇ-ਆਪਣੇ ਵਸੀਲਿਆਂ ਤੋਂ ਸਹੀ ਆਦਮੀਆਂ ਦੀ ਭਾਲ ਕਰੋ, ਜੋ ਗੱਲ ਗੁਪਤ ਰੱਖਦੇ ਹੋਏ ਚੀਜ਼ਾਂ ਦੀ ਸਹੀ ਕੀਮਤ ਤੇ ਆਪਣੀ ਹਰ ਚੀਜ਼ ਜਿਵੇਂ ਕਿ ਜ਼ਮੀਨ, ਕੋਠੀ, ਮਕਾਨ, ਕਾਰ, ਟ੍ਰੈਕਟਰ+ਟਰਾਲੀ ਅਤੇ ਹੋਰ ਕੀਮਤੀ ਚੀਜ਼ਾਂ ਸੋਨਾ ਬਗੈਰਾ ਆਸ਼ਰਮਾਂ ਦੇ ਭਰਵੇਂ ਇਕੱਠਾਂ ਵਿੱਚ ਜਨਤਾ ਦੇ ਸਾਹਮਣੇ ਆਸ਼ਰਮਾਂ, ਡੇਰਿਆਂ ਜਾਂ ਹੋਰ ਧਾਰਮਿਕ ਥਾਂਵਾਂ ਨੂੰ ਦਾਨ ਦੇ ਰੂਪ ਵਿਚ ਭੇਂਟ ਕਰਨ ਦਾ ਐਲਾਨ ਕਰਨ। ਇੰਝ ਹੋਣ ਨਾਲ ਲੋਕਾਂ ਅੰਦਰ ਮੁਫ਼ਤ ਦਾਨ ਦੇਣ ਦੀ ਅੰਨ੍ਹੀ ਦੌੜ ਸ਼ੁਰੂ ਹੋ ਜਾਵੇਗੀ। ਇੰਝ ਹੋਣ ਨਾਲ ਇਸ ਤਰ੍ਹਾਂ ਵੀ ਹੁੰਦਾ ਹੈ ਅਤੇ ਹੋ ਰਿਹਾ ਹੈ।

ਇਸ ਤੋਂ ਬਾਅਦ ਬਾਬੇ ਆਪਣੇ ਚੇਲੇ, ਚੇਲਿਆਂ ਵਿੱਚੋਂ ਸਭ ਤੋਂ ਵਫ਼ਾਦਾਰ ਲੋਕਾਂ ਦੀ ਤਲਾਸ਼ ਕਰਦੇ ਹਨ, ਸਭ ਤੋਂ ਨੇੜਲੇ ਚੇਲਿਆਂ, ਚੇਲੀਆਂ ਨੂੰ ਆਪਣੇ ਨੇੜੇ ਪਹਿਲੇ ਰਿੰਗ ਦੇ ਮੈਂਬਰ ਨਿਯੁਕਤ ਕਰਦੇ ਹਨ, ਫਿਰ ਦੂਜਾ ਰਿੰਗ, ਤੀਜਾ ਰਿੰਗ ਅਤੇ ਚੌਥਾ ਰਿੰਗ ਤੱਕ ਆਪਣੇ ਚਹੇਤਿਆਂ ਨੂੰ ਆਪਣੇ ਨਾਲ ਜੋੜੀ ਰੱਖਦੇ ਹਨ। ਇਨ੍ਹਾਂ ਸੇਵਕਾਂ ਦੇ ਅੰਦਰ ਹੌਲੀ-ਹੌਲੀ ਬਾਬਿਆਂ ਦੇ ਨੇੜੇ ਹੋਣ ਦੀ ਇਕ ਦੌੜ ਜਿਹੀ ਲੱਗ ਜਾਂਦੀ ਹੈ, ਜਿਸ ਦੇ ਤਹਿਤ ਉਹ ਵੱਧ ਤੋਂ ਵੱਧ ਆਪਣਾ ਸਭ ਕੁਝ ਲੁਟਾ ਕੇ ਬਾਬਿਆਂ ਦੇ ਚਹੇਤੇ ਹੋਣ ਦਾ ਪ੍ਰਮਾਣ ਪੱਤਰ ਹਾਸਲ ਕਰ ਲੈਂਦੇ ਹਨ। ਜਦੋਂ ਬਾਬਿਆਂ ਦਾ ਕਾਰੋਬਾਰ ਅਤੇ ਉਨ੍ਹਾਂ ਦੀ ਮਹਿਮਾ ਦੀ ਚਰਚਾ ਚਰਮ ਸੀਮਾ ’ਤੇ ਪੁੱਜ ਜਾਂਦੀ ਹੈ ਤਾਂ ਬਾਬਿਆਂ ਦੇ ਰਹਿਣ ਲਈ ਆਸ਼ਰਮਾਂ, ਡੇਰਿਆਂ ਜਾਂ ਹੋਰ ਧਾਰਮਿਕ ਥਾਂਵਾਂ ਅੰਦਰ ਸਪੈਸ਼ਲ ਕਿਸਮ ਦੀਆਂ ਮਹਿਲਨੁਮਾ ਕੋਠੀਆਂ ਜਾਂ ਗੁਫਾਵਾਂ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਅੰਦਰ ਸਿਰਫ ਅਤੇ ਸਿਰਫ ਪਹਿਲੀ ਰਿੰਗ ਜਾਂ ਕਿਚਨ ਕੈਬਨਿਟ ਦੇ ਮੈਂਬਰ ਹੀ ਜਾ ਸਕਦੇ ਹਨ। ਉਸ ਤੋਂ ਬਾਅਦ ਏਥੇ ਹਰ ਕਿਸਮ ਦੀ ਐਸ਼ੋ-ਆਰਾਮ ਦੀਆਂ ਹਰਕਤਾਂ ਸ਼ੁਰੂ ਹੋ ਜਾਂਦੀਆਂ ਹਨ। ਹੌਲੀ-ਹੌਲੀ ਜਦੋਂ ਬਾਬਿਆਂ ਦੀ ਚਰਚਾ ਹਰ ਕਿਸਮ ਦੇ ਮੀਡੀਏ ਅਤੇ ਉਨ੍ਹਾਂ ਦੇ ਅੰਨ੍ਹੇ ਸੇਵਕਾਂ ਵੱਲੋਂ ਦੇਸ਼ਾਂ-ਵਿਦੇਸ਼ਾਂ ਵਿੱਚ ਛੇੜ ਦਿੱਤੀ ਜਾਂਦੀ ਹੈ ਤਾਂ ਵਿਦੇਸ਼ੀ ਸ਼ਰਧਾਲੂਆਂ ਦੇ ਨਾਲ-ਨਾਲ ਰਾਜਨੀਤਕ ਪਾਰਟੀਆਂ ਵੀ ਇਨ੍ਹਾਂ ਬਾਬਿਆਂ ਵੱਲ ਤੁਰ ਪੈਂਦੀਆਂ ਹਨ। ਹੌਲੀ-ਹੌਲੀ ਇਹ ਆਸ਼ਰਮ, ਡੇਰੇ ਅਤੇ ਹੋਰ ਧਾਰਮਿਕ ਥਾਂਵਾਂ ਰਾਜਨੀਤੀ ਦੇ ਅੱਡੇ ਬਣਨੇ ਸ਼ੁਰੂ ਹੋ ਜਾਂਦੇ ਹਨ। ਇਹ ਸਭ ਕੁਝ ਵੇਖ ਕੇ ਬਾਬਿਆਂ ਦੇ ਸ਼ੈਤਾਨ ਸੋਚ ਰੱਖਣ ਵਾਲੇ ਚੇਲਿਆਂ ਨੇ ਆਪਣੇ ਨਿੱਜੀ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਬਾਬਿਆਂ ਨੂੰ ਆਪਣੇ ਖਾਸ ਆਦਮੀਆਂ ਦਾ ਵੋਟਾਂ ਬਟੋਰਨ ਲਈ ਇਕ ਰਾਜਸੀ ਵਿੰਗ ਬਣਾਉਣ ਦੀ ਸਲਾਹ ਦਿੰਦੇ ਹਨ, ਜੋ ਬਾਬਿਆਂ ਵੱਲੋਂ ਪ੍ਰਵਾਨ ਕਰਕੇ ਸਾਰੇ ਦੇਸ਼ ਅੰਦਰ ਆਪਣੇ ਰਾਜਸੀ ਵਿੰਗ ਬਣਾ ਦਿੱਤੇ ਜਾਂਦੇ ਹਨ। ਜਦੋਂ ਦੇਸ਼ ਦੇ ਲੀਡਰਾਂ ਨੂੰ ਇਸ ਗੱਲ ਬਾਰੇ ਪਤਾ ਲੱਗਦਾ ਹੈ ਤਾਂ ਉਹ ਹਰ ਤਰੀਕੇ ਨਾਲ ਬਾਬਿਆਂ ਤੱਕ ਰਾਬਤਾ ਕਾਇਮ ਕਰਕੇ ਡੇਰਿਆਂ ਅੰਦਰ ਚੱਕਰ ਮਾਰਨੇ ਸ਼ੁਰੂ ਕਰ ਦਿੰਦੇ ਹਨ। ਜਿਉਂ-ਜਿਉਂ ਚੋਣਾਂ ਨੇੜੇ ਆਉਂਦੀਆਂ ਹਨ, ਤਿਉਂ-ਤਿਉਂ ਰਾਜਸੀ ਪਾਰਟੀਆਂ ਦੀਆਂ ਗਤੀਵਿਧੀਆਂ ਬਾਬਿਆਂ ਅਤੇ ਬਾਬਿਆਂ ਵੱਲੋਂ ਬਣਾਏ ਰਾਜਸੀ ਵਿੰਗਾਂ ਕੋਲ ਵੋਟਾਂ-ਬਟੋਰੂ ਟੋਲਿਆਂ ਦੀ ਹਲਚਲ ਵਧ ਜਾਂਦੀ ਹੈ। ਇਹ ਰਾਜਸੀ ਵਿੰਗ ਵਾਲੇ ਲੋਕ ਆਪਣੇ ਹਿਸਾਬ ਨਾਲ ਮੋਟੇ ਸੌਦੇ ਕਰਕੇ ਗੋਟੀਆਂ ਫਿੱਟ ਕਰਦੇ ਹਨ।

ਜਦੋਂ ਇਨ੍ਹਾਂ ਢੌਂਗੀ ਬਾਬਿਆਂ ਦੀ ਹਰ ਖ਼ੇਤਰ ਵਿੱਚ, ਹਰ ਵਰਗ, ਹਰ ਸਰਕਾਰੇ-ਦਰਬਾਰੇ ਅਤੇ ਸਾਰੇ ਅਦਾਰਿਆਂ ਵਿੱਚ ਬੱਲੇ-ਬੱਲੇ ਸ਼ੁਰੂ ਹੋ ਜਾਂਦੀ ਹੈ ਤਾਂ ਫਿਰ ਸ਼ੁਰੂ ਹੁੰਦੇ ਹਨ ਵੱਡੀ ਪੱਧਰ ’ਤੇ ਵੱਡੇ-ਵੱਡੇ ਘਾਲੇ-ਮਾਲੇ, ਉਥਲ-ਪੁਥਲ ਅਤੇ ਸਮਾਜਿਕ, ਆਰਥਿਕ ਦੇ ਨਾਲ-ਨਾਲ ਸਰੀਰਕ ਸ਼ੋਸ਼ਣ ਦੀ ਦੁੱਖ ਭਰੀ ਦਾਸਤਾਨ। ਇਹ ਪਾਖੰਡੀ ਬਾਬੇ ਆਪਣੇ ਕੁਕਰਮਾਂ ਅਤੇ ਗਲਤ ਕੰਮਾਂ ਉੱਤੇ ਪਰਦੇ ਪਾਉਣ ਲਈ ਆਪਣੇ ਨੇੜਲੇ ਰਿੰਗ ਦੇ ਸੇਵਕਾਂ ਨੂੰ ਵੀ ਕੁੱਝ ਖੁੱਲ੍ਹ ਦੇ ਦਿੰਦੇ ਹਨ ਤਾਂ ਕਿ ਉਹ ਇਨ੍ਹਾਂ ਵਿਰੁੱਧ ਬੋਲ ਨਾ ਸਕਣ। ਇਸ ਤੋਂ ਇਲਾਵਾ ਇਹ ਮੌਕੇ ਦੀਆਂ ਸਰਕਾਰਾਂ ਦੇ ਲੀਡਰਾਂ ਨਾਲ ਮਿਲ ਕੇ ਲੋਕ ਭਲਾਈ ਦੇ ਕੰਮ ਜਿਵੇਂ ਕਿ ਖੂਨਦਾਨ ਕੈਂਪ, ਸਫ਼ਾਈ ਮੁਹਿਮ, ਲੰਗਰ, ਗਰੀਬਾਂ ਲਈ ਮੁਫ਼ਤ ਦਵਾਈਆਂ ਦੇ ਡਰਾਮੇ ਵੀ ਕਰਦੇ ਹਨ ਤਾਂ ਕਿ ਇਨ੍ਹਾਂ ਦੇ ਗਲਤ ਕੰਮਾਂ ’ਤੇ ਪਰਦਾ ਪਿਆ ਰਹੇ।

ਇਸ ਤੋਂ ਅੱਗੇ ਇਹ ਅਖੌਤੀ ਅਤੇ ਰੱਬ ਜੀ ਦੇ ਨਕਲੀ ਵਿਚੋਲੇ ਕੀ-ਕੀ ਗੁੱਲ ਖਿਲਾਉਂਦੇ ਹਨ, ਉਹ ਆਪਾਂ ਸਾਰੇ ਹੀ ਵੇਖ ਰਹੇ ਹਾਂ। ਅੱਜ ਇਨ੍ਹਾਂ ਪਾਖੰਡੀਆਂ ਨੇ ਦੁਨੀਆ ਦੀ 75% ਜਨਤਾ ਨੂੰ ਆਪਣੇ ਮੱਕੜ ਜਾਲ ਵਿੱਚ ਫਸਾ ਕੇ ਧਰਮਾ ਦੇ ਨਾਂਅ ਦੀਆਂ ਨਸ਼ੀਲੀਆਂ ਗੋਲੀਆਂ ਦੇ ਕੇ ਆਪਣੇ ਪਿੱਛੇ ਲਗਾ ਕੇ ਆਪਣੀ ਮਰਜ਼ੀ ਨਾਲ ਉਨ੍ਹਾਂ ਦੀ ਵਰਤੋਂ ਅਤੇ ਦੁਰਵਰਤੋਂ ਕਰ ਰਹੇ ਹਨ। ਆਪਣੇ ਚੇਲਿਆਂ ਅਤੇ ਚੇਲੀਆਂ ਦੇ ਭਰਵੇਂ ਇਕੱਠ ਕਰਕੇ ਮੌਕੇ ਦੇ ਲੀਡਰਾਂ ਨੂੰ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਕੇ ਉਨ੍ਹਾਂ ਤੋਂ ਆਪਣੀ ਮਨਮਰਜ਼ੀ ਦੇ ਸਹੀ ਅਤੇ ਗਲਤ ਕੰਮ ਜਿਵੇਂ ਕਿ ਭਰਤੀਆਂ, ਤਰੱਕੀਆਂ, ਬਦਲੀਆਂ ਅਤੇ ਮਾਣ-ਸਨਮਾਨ ਆਪਣੇ ਖਾਸ ਚਹੇਤਿਆਂ ਨੂੰ ਦੇਣ ਦੀਆਂ ਸਿਫ਼ਾਰਸ਼ਾਂ ਕਰਵਾਈਆਂ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਦੇਸ਼ ਦੀ 90% ਅਫ਼ਸਰਸ਼ਾਹੀ ਇਨ੍ਹਾਂ ਪਾਖੰਡੀਆਂ ਦਾ ਹਰ ਹੁਕਮ ਮੰਨ ਕੇ ਇਨ੍ਹਾਂ ਮੁਤਾਬਿਕ ਅਤੇ ਇਨ੍ਹਾਂ ਦੇ ਚਮਚੇ, ਚਹੇਤਿਆਂ ਦੇ ਵਿਰੁੱਧ ਚੱਲਦੇ ਕੇਸਾਂ ਦੇ ਫੈਸਲੇ ਕਰਦੀ ਹੈ। ਇਸੇ ਕਰਕੇ ਦੇਸ਼ ਦੀਆਂ ਸਾਰੀਆਂ ਹੀ ਰਾਜਸੀ ਪਾਰਟੀਆਂ ਇਨ੍ਹਾਂ ਪਾਖੰਡੀਆਂ ਤੋਂ ਡਰਦੀਆਂ ਇਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੀਆਂ ਜਾਂ ਕਰਨ ਤੋਂ ਡਰਦੀਆਂ ਹਨ।

ਉਪਰੋਕਤ ਹਾਲਤਾਂ ਕਾਰਨ ਹੀ ਅੱਜ ਦੇਸ਼ -ਵਿਦੇਸ਼ ਵਿਚ ਇਨ੍ਹਾਂ ਅਖੌਤੀ ਅਤੇ ਪਾਖੰਡੀ ਬਾਬਿਆਂ ਦਾ ਬੋਲਬਾਲਾ ਹੋਣ ਕਾਰਨ ਦੁਨੀਆ ਵਿੱਚ ਹਰ ਖੇਤਰ ਅੰਦਰ ਉਥਲ-ਪੁਥਲ ਅਤੇ ਹਾਹਾਕਾਰ ਦੇ ਨਾਲ-ਨਾਲ ਬਦ-ਅਮਨੀ ਫੈਲੀ ਹੋਈ ਹੈ। ਕਿਧਰੇ ਵੀ, ਕਿਤੇ ਵੀ ਨਜ਼ਰ ਮਾਰੋ ਹਰ ਪਾਸੇ ਕਤਲਾਂ, ਲੁੱਟਾਂ, ਖੋਹਾਂ, ਚੋਰੀਆਂ, ਡਾਕੇ, ਮਹਿੰਗਾਈ, ਚੋਰ ਬਾਜ਼ਾਰੀ, ਮਿਲਾਵਟਖੋਰੀ, ਰਿਸ਼ਵਤਖੋਰੀ, ਘਪਲੇਬਾਜ਼ੀ ਅਤੇ ਗੈਂਗਸਟਰਾਂ ਦਾ ਬੋਲਬਾਲਾ ਹੈ। ਧਰਤੀ ’ਤੇ ਕੋਈ ਵੀ ਅਜਿਹੀ ਥਾਂ ਨਹੀਂ, ਜਿੱਥੇ ਆਦਮੀ ਅਮਨ ਅਤੇ ਸ਼ਾਂਤੀ ਨਾਲ ਰਹਿ ਕੇ ਆਪਣੀ ਜੀਵਨ ਯਾਤਰਾ ਤਹਿ ਕਰ ਸਕੇ ਜਾਂ ਆਪਣੀ ਰੋਜ਼ੀ-ਰੋਟੀ ਕਮਾ ਕੇ ਆਪਣਾ ਪਰਵਾਰ ਪਾਲ ਸਕੇ। ਜੇ ਧਿਆਨ ਨਾਲ ਸੋਚਿਆ ਜਾਵੇ ਤਾਂ ਇਹ ਗੱਲ ਸਾਹਮਣੇ ਆਵੇਗੀ ਕਿ ਜਿੰਨੀ ਦੇਰ ਤੱਕ ਵੋਟਾਂ ਦੀ ਸਹੀ ਵਰਤੋਂ ਕਰਕੇ ਦੇਸ਼ ਨੂੰ ਚਲਾਉਣ ਵਾਲੇ ਸਹੀ ਨੁਮਾਇੰਦਿਆਂ ਦੀ ਚੋਣ ਨਹੀਂ ਹੁੰਦੀ, ਓਨੀ ਦੇਰ ਤੱਕ ਇਹ ਸਿਲਸਿਲਾ ਚੱਲਦਾ ਰਹੇਗਾ। ਇਹ ਸਿਲਸਿਲਾ ਤਾਂ ਹੀ ਬੰਦ ਹੋ ਸਕਦਾ ਹੈ ਜੇਕਰ ਸਾਡੇ ਦੇਸ਼ ਨੂੰ ਚਲਾਉਣ ਵਾਲੇ ਰਾਜਸੀ ਲੀਡਰ ਇਮਾਨਦਾਰੀ ਨਾਲ ਅੱਜ ਦੀ ਘਟੀਆ ਰਾਜਨੀਤੀ ਛੱਡਣ ਦੇ ਨਾਲ-ਨਾਲ ਪੈਸਾ, ਕੁਰਸੀ ਅਤੇ ਇਨ੍ਹਾਂ ਪਾਖੰਡੀ ਬਾਬਿਆਂ ਦਾ ਤਿਆਗ ਨਹੀਂ ਕਰਦੇ। ਜਿਸ ਦਿਨ ਦੇਸ਼ ਅੰਦਰ ਸਹੀ ਤਰੀਕੇ ਨਾਲ ਵੋਟਾਂ ਪੈਣ ਲੱਗ ਜਾਣਗੀਆਂ, ਉਸੇ ਦਿਨ ਉਪਰੋਕਤ ਲਿਖੀਆਂ ਕੈਂਸਰਨੁਮਾ ਬਿਮਾਰੀਆਂ ਤੋਂ ਦੇਸ਼ ਦੀ ਜਨਤਾ ਦਾ ਖਹਿੜਾ ਛੁੱਟ ਜਾਵੇਗਾ। ਵੋਟਾਂ ਭਾਵੇਂ ਮਸ਼ੀਨਾਂ ਨਾਲ ਪੈਣ, ਭਾਵੇਂ ਹੱਥ ਪਰਚੀਆਂ ਨਾਲ, ਪਰ ਦੋਵਾਂ ਤਰੀਕਿਆਂ ਵਿੱਚ ਇਮਾਨਦਾਰੀ ਅਤੇ ਪਾਰਦਰਸ਼ੀ ਹੋਣੀ ਅਤਿ ਜ਼ਰੂਰੀ ਹੈ। ਜਿੰਨੀ ਦੇਰ ਤੱਕ ਇਹ ਕਾਨੂੰਨ ਲਾਗੂ ਨਹੀਂ ਹੁੰਦਾ ਕਿ ਕੋਈ ਵੀ ਪਾਰਟੀ ਕਿਸੇ ਵੀ ਕਿਸਮ ਦੀ ਚੋਣ ਵੇਲੇ ਦੇਸ਼ ਦੀ ਜਨਤਾ ਨੂੰ ਕੋਈ ਵੀ ਝੂਠੇ ਲਾਰਿਆਂ ਦੇ ਲੌਲੀਪੌਪ ਨਹੀਂ ਦੇਵੇਗੀ ਅਤੇ ਨਾ ਹੀ ਕਿਸੇ ਕਿਸਮ ਦੀ ਮੁਫ਼ਤਖੋਰੀ ਦੀ ਰਿਸ਼ਵਤ ਦੀਆਂ ਅਡਵਾਂਸ ਕਿਸ਼ਤਾਂ ਦਾ ਐਲਾਨ ਕਰਕੇ ਵੋਟਰਾਂ ਨੂੰ ਗੁੰਮਰਾਹ ਕਰੇਗੀ। ਅਜਿਹਾ ਕਰਨ ਵਾਲੀ ਪਾਰਟੀ ਦੀ ਮਾਨਤਾ ਰੱਦ ਕਰਨ ਦਾ ਕਾਨੂੰਨ ਹੋਣਾ ਚਾਹੀਦਾ ਹੈ, ਕਿਉਂਕਿ ਅਜਿਹੇ ਹਾਲਾਤ ਵਿਚ ਗਲਤ ਨੁਮਾਇੰਦੇ ਚੋਣ ਜਿੱਤ ਸਕਦੇ ਹਨ।

ਦੇਸ਼ ਵਿੱਚੋਂ ਇਸ ਕੋਹੜਨੁਮਾ ਬਿਮਾਰੀ ਨੂੰ ਖਤਮ ਕਰਨ ਲਈ ਸਾਰੇ ਦੇਸ਼ਾਂ-ਵਿਦੇਸ਼ਾਂ ਦੇ ਲੀਡਰਾਂ, ਲੇਖਕਾਂ, ਬੁੱਧੀਜੀਵੀਆਂ, ਚੰਗੇ ਪ੍ਰਚਾਰਕਾਂ, ਚਿੰਤਕਾਂ ਅਤੇ ਲੋਕ ਹਿੱਤ ਸੋਚ ਰੱਖਣ ਵਾਲੇ ਸਾਰੇ ਹੀ ਲੋਕਾਂ ਵੱਲੋਂ ਇਕ ਜ਼ੋਰਦਾਰ ਹੰਭਲਾ ਮਾਰ ਕੇ ਬੁਲੰਦ ਆਵਾਜ਼ ਨਾਲ ਸਾਰੇ ਹੀ ਚੋਣਾਂ ਨਾਲ ਸੰਬੰਧਤ ਅਧਿਕਾਰੀਆਂ ਪਾਸ ਮੰਗ ਰੱਖਣੀ ਚਾਹੀਦੀ ਹੈ ਕਿ ਵੋਟਾਂ ਵਿੱਚ ਕਿਸੇ ਵੀ ਧਾਰਮਿਕ ਵਰਗ ਦੇ ਲੋਕਾਂ ਦੀ ਭਾਗੀਦਾਰੀ ਜਾਂ ਦਖ਼ਲ-ਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਹ ਵੀ ਸ਼ਰਤ ਹੋਣੀ ਚਾਹੀਦੀ ਹੈ ਕਿ ਕੋਈ ਰਾਜਸੀ ਪਾਰਟੀ ਵੋਟਾਂ ਬਟੋਰਨ ਲਈ ਵੋਟਰਾਂ ਨੂੰ ਕੋਈ ਵੀ ਵਾਅਦਾ ਜਾਂ ਮੁਫ਼ਤਖੋਰੀ ਦਾ ਲਾਰਾ ਜਾਂ ਝਾਂਸਾ ਨਹੀਂ ਲਾਵੇਗੀ ਜਾਂ ਦੇਵੇਗੀ।

# ਸੰਪਰਕ : 98770-33838

# ਸੜਕਾਂ ਜਾਮ ਤੇ ਧਰਨੇ-ਪ੍ਰਦਰਸ਼ਨਾਂ ਦੇ ਜੰਜਾਲ ’ਚ ਪਿਸਦੇ ਆਮ ਲੋਕ


ਜਗਤਾਰ ਸਮਾਲਸਰ

ਭਾਰਤ ਵਰਗੇ ਲੋਕਤੰਤਰ ਦੇਸ਼ ਵਿੱਚ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰਨਾ ਕਾਨੂੰਨੀ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਪਰ ਸਰਕਾਰਾਂ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਕਰਮਚਾਰੀਆਂ, ਕਿਸਾਨਾਂ ਜਾਂ ਹੋਰ ਤਬਕੇ ਦੇ ਲੋਕਾਂ ਵਿੱਚ ਸੜਕਾਂ ਜਾਮ,ਧਰਨੇ ਪ੍ਰਦਰਸ਼ਨ ਜਾਂ ਹੜਤਾਲ ਆਦਿ ਕਰਨ ਦੀ ਪ੍ਰੰਪਰਾ ਲਗਾਤਾਰ ਵਧਦੀ ਜਾ ਰਹੀ ਹੈ। ਇਸ ਦਾ ਸਿੱਧਾ ਕਾਰਨ ਇਹੀ ਹੈ ਕਿ ਸਮੇਂ ਦੀਆਂ ਸਰਕਾਰਾਂ ਲੋਕ ਮਸਲਿਆਂ ਨੂੰ ਸੰਜੀਦਗੀ ਨਾਲ ਨਹੀ ਲੈ ਰਹੀਆਂ। ਇਨ੍ਹਾਂ ਧਰਨੇ-ਪ੍ਰਦਰਸ਼ਨਾਂ ਜਾਂ ਸੜਕਾਂ ਜਾਮ ਹੋਣ ਨਾਲ ਆਮ ਲੋਕਾਂ ਦਾ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਿਹਾ ਹੈ। ਕਿਸਾਨ ਅੰਦੋਲਨ-2 ਲਈ ਕਿਸਾਨ ਜਥੇਬੰਦੀਆਂ ਵੱਲੋਂ 13 ਫਰਵਰੀ ਨੂੰ ਦਿੱਲੀ ਵੱਲ ਕੂਚ ਕਰਨ ਦੀ ਕੀਤੀ ਗਈ ਅਪੀਲ ਦੇ ਮੱਦੇਨਜ਼ਰ ਹਰਿਆਣਾ ਸਰਕਾਰ ਵੱਲੋਂ ਪੰਜਾਬ ਅਤੇ ਦਿੱਲੀ ਦੀ ਸੀਮਾ ਤੇ ਕਿਸਾਨਾਂ ਨੂੰ ਰੋਕਣ ਲਈ ਅਜਿਹੇ ਪ੍ਰਬੰਧ ਕੀਤੇ ਗਏ ਜਿਸ ਨਾਲ ਆਮ ਲੋਕਾਂ ਦੀ ਜ਼ਿੰਦਗੀ ਦੀ ਗੱਡੀ ਪੂਰੀ ਤਰ੍ਹਾਂ ਲੀਂਹ ਤੋਂ ਲਹਿ ਗਈ। ਹਾਲਾਕਿ ਕਿਸਾਨ ਸ਼ਾਤਮਈ ਢੰਗ ਨਾਲ ਦਿੱਲੀ ਵੱਲ ਜਾ ਰਹੇ ਸਨ ਪਰ ਹਰਿਆਣਾ ਸਰਕਾਰ ਵਲੋਂ ਸੜਕ ’ਤੇ ਲਗਾਏ ਗਏ ਵੱਡੇ ਬੈਰੀਕੇਟ ਅਤੇ ਕਿੱਲਾਂ ਕਾਰਨ ਆਵਾਜਾਈ ਵਿੱਚ ਵੱਡੀ ਰੁਕਾਵਟ ਪੈਦਾ ਹੋਈ, ਜਿਸ ਕਾਰਨ ਆਪਣੇ ਰੋਜ਼ਾਨਾ ਦੇ ਕੰਮਕਾਰ ਅਤੇ ਹੋਰ ਪਰਿਵਾਰਕ ਕੰਮਾਂ ਲਈ ਇੱਧਰ-ਉੱਧਰ ਜਾਣ ਵਾਲੇ ਲੋਕਾਂ ਨੂੰ ਆਰਥਕ ਅਤੇ ਮਾਨਸਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਅਜਿਹੀਆਂ ਰੁਕਾਵਟਾਂ ਕਾਰਨ ਲੋਕ ਸਮੇਂ ਸਿਰ ਆਪਣੇ ਪੰਧ ਤੱਕ ਨਹੀ ਪਹੁੰਚ ਸਕੇ, ਜਿਸ ਨਾਲ ਉਨ੍ਹਾਂ ਦਾ ਵੱਡਾ ਨੁਕਸਾਨ ਵੀ ਹੋਇਆ।

ਦੂਜੇ ਪਾਸੇ ਹਰਿਆਣਾ ਸਰਕਾਰ ਵੱਲੋਂ ਕਈ ਜ਼ਿਲ੍ਹਿਆਂ ਵਿੱਚ ਲਗਾਤਾਰ 14 ਦਿਨ ਤੱਕ ਇੰਟਰਨੈੱਟ ਸੇਵਾਵਾਂ ਬੰਦ ਕਰ ਦੇਣ ਨਾਲ ਵੀ ਲੋਕਾਂ ਦੇ ਰੋਜ਼ਾਨਾ ਦੇ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇੰਟਰਨੈੱਟ ਅਜੋਕੇ ਸਮੇਂ ਦੌਰਾਨ ਮਨੁੱਖੀ ਜੀਵਨ ਵਿੱਚ ਇੱਕ ਵੱਡੀ ਭੂਮਿਕਾ ਅਦਾ ਕਰ ਰਿਹਾ ਹੈ। ਇੰਟਰਨੈੱਟ ਸੇਵਾ ਅੱਜਕੱਲ੍ਹ ਲੋਕਾਂ ਦੇ ਪੈਸੇ ਦੇ ਲੈਣ-ਦੇਣ ਤੋਂ ਲੈ ਕੇ ਮੀਡੀਆ ਜਗਤ ਅਤੇ ਜ਼ਿੰਦਗੀ ਦੇ ਹਰ ਪਹਿਲੂ ਨਾਲ ਜੁੜੀ ਹੋਣ ਕਾਰਨ ਅਜਿਹੀ ਸਥਿਤੀ ਦੌਰਾਨ ਹਰ ਕੰਮ ਵਿੱਚ ਲੋਕਾਂ ਨੂੰ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਪਹਿਲਾ ਹਰਿਆਣਾ ਵਿੱਚ ਪਟਵਾਰੀ ਅਤੇ ਕਾਨੂੰਨਗੋ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਕਰੀਬ ਇੱਕ ਮਹੀਨੇ ਤੱਕ ਹੜਤਾਲ ’ਤੇ ਰਹੇ, ਜਿਸ ਕਾਰਨ ਕਿਸਾਨਾਂ ਨੂੰ ਆਪਣੇ ਜ਼ਮੀਨ ਸੰਬੰਧੀ ਕੰਮ ਕਰਵਾਉਣ ਅਤੇ ਆਮ ਲੋਕਾਂ ਦੇ ਪਟਵਾਰੀਆਂ, ਕਾਨੂੰਨਗੋ ਨਾਲ ਸੰਬੰਧਤ ਕੰਮ ਲੰਮੇ ਸਮੇਂ ਤੱਕ ਰੁਕੇ ਰਹੇ। ਇਨ੍ਹਾਂ ਤੋਂ ਪਹਿਲਾਂ ਹਰਿਆਣਾ ਵਿੱਚ ਕਰਮਚਾਰੀਆਂ ਦੀ ਹੜਤਾਲ ਰਹੀ, ਜਿਸ ਨਾਲ ਆਮ ਦਫ਼ਤਰਾਂ ਵਿੱਚ ਹੋਣ ਵਾਲੇ ਕੰਮ ਨਹੀ ਹੋ ਸਕੇ ਅਤੇ ਲੋਕ ਰੋਜ਼ਾਨਾ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟ ਕੇ ਵਾਪਸ ਮੁੜਦੇ ਰਹੇ।

ਵੇਖਿਆ ਜਾਵੇ ਤਾਂ ਹਰ ਵਰਗ ਲਈ ਆਪਣੀਆਂ ਮੰਗਾਂ ਮਨਵਾਉਣ ਲਈ ਧਰਨੇ-ਪ੍ਰਦਰਸ਼ਨ ਕਰਨਾ ਹੁਣ ਜ਼ਰੂਰੀ ਹੋ ਗਿਆ ਹੈ। ਜਦੋਂ ਕਿਸੇ ਵੀ ਵਰਗ ਦੀ ਅਵਾਜ਼ ਕਿਸੇ ਹੋਰ ਜ਼ਰੀਏ ਸਰਕਾਰ ਤੱਕ ਨਹੀ ਪਹੁੰਚਦੀ ਤਾਂ ਧਰਨੇ-ਪ੍ਰਦਰਸ਼ਨ ਕਰਨਾ ਜਾਂ ਸੜਕਾਂ ’ਤੇ ਜਾਮ ਲਗਾ ਕੇ ਆਪਣੇ ਰੋਸ ਦਾ ਪ੍ਰਦਰਸ਼ਨ ਕਰਨਾ ਹੁਣ ਆਖਰੀ ਹਥਿਆਰ ਬਣ ਚੁੱਕਾ ਹੈ। ਸਮੇਂ ਦੀਆਂ ਸਰਕਾਰਾਂ ਵੀ ਹੁਣ ਕਰਮਚਾਰੀਆਂ, ਕਿਸਾਨਾਂ ਜਾਂ ਹੋਰ ਤਬਕੇ ਦੀਆਂ ਮੰਗਾਂ ਵੱਲ ਉਸ ਸਮੇਂ ਤੱਕ ਧਿਆਨ ਨਹੀਂ ਦੇ ਰਹੀਆਂ, ਜਦੋਂ ਤੱਕ ਉਹ ਸੜਕਾਂ ’ਤੇ ਨਹੀ ਆਉਂਦੇ। ਜਦੋਂ ਅਜਿਹੀ ਸਥਿਤੀ ਬਣਦੀ ਹੈ ਤਾਂ ਇਸ ਦਾ ਸਿੱਧੇ ਤੌਰ ’ਤੇ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਆਪਣੇ ਪਰਿਵਾਰ ਸਹਿਤ ਰੋਜ਼-ਮਰ੍ਹਾ ਦੇ ਕੰਮਾਂ ਲਈ ਇੱਧਰ-ਉੱਧਰ ਜਾਣ ਵਾਲੇ ਲੋਕ ਇਨ੍ਹਾਂ ਧਰਨੇ-ਪ੍ਰਦਰਸ਼ਨਾਂ ਦੇ ਜੰਜਾਲ ਵਿੱਚ ਫਸਦੇ ਹਨ, ਜਿਨ੍ਹਾਂ ਦੀ ਪੀੜ ਜਾਣਨ ਵਾਲਾ ਕੋਈ ਨਹੀ ਹੁੰਦਾ।

ਇਨਸਾਨੀ ਜੀਵਨ ਵਿੱਚ ਆਮ ਬੰਦੇ ਨੂੰ ਪਤਾ ਨਹੀ ਕਦੋਂ ਇੱਧਰ-ਉੱਧਰ ਜਾਣਾ ਪੈ ਜਾਵੇ, ਪਰ ਜਦੋਂ ਸੜਕਾਂ ’ਤੇ ਜਾਮ ਲੱਗੇ ਹੋਣ ਅਤੇ ਕਿਸੇ ਪਾਸੇ ਨਿਕਲਣ ਲਈ ਰਾਹ ਨਾ ਹੋਵੇ ਤਾਂ ਪਹਿਲਾਂ ਹੀ ਦੁੱਖਾਂ ਵਿੱਚ ਫਸਿਆ ਬੰਦਾ ਹੋਰ ਵਿਆਕੁਲ ਹੋ ਜਾਂਦਾ ਹੈ। ਇਸ ਲਈ ਜਿੱਥੇ ਕਿਸਾਨਾਂ ਜਾਂ ਹੋਰ ਤਬਕੇ ਨੂੰ ਆਪਣੀਆਂ ਮੰਗਾਂ ਲਈ ਧਰਨੇ -ਪ੍ਰਦਰਸ਼ਨਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ, ਉੱਥੇ ਸਰਕਾਰਾਂ ਵੱਲੋਂ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨ ਲਈ ਅਪਣਾਏ ਜਾ ਰਹੇ ਰਸਤੇ ਆਮ ਲੋਕਾਂ ਦੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ। ਇੰਟਰਨੈੱਟ ਵਰਗੀਆਂ ਸੇਵਾਵਾਂ ਨੂੰ ਬੰਦ ਕਰਕੇ ਮਨੁੱਖੀ ਜ਼ਿੰਦਗੀ ਦੀ ਰਫ਼ਤਾਰ ਨੂੰ ਰੋਕਣਾ ਬਿਲਕੁੱਲ ਵੀ ਉਚਿਤ ਫ਼ੈਸਲਾ ਨਹੀ ਹੈ। ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਨਾਲ ਨਿਪਟਣ ਲਈ ਸਰਕਾਰਾਂ ਨੂੰ ਆਪਣੇ ਪੱਧਰ ’ਤੇ ਕੋਈ ਹੋਰ ਵਿਕਲਪ ਲੱਭਣੇ ਚਾਹੀਦੇ ਹਨ। ਸਰਕਾਰਾਂ ਨੂੰ ਚਾਹਿਦਾ ਹੈ ਕਿ ਅਜਿਹੀਆਂ ਸਥਿਤੀਆਂ ਪੈਦਾ ਹੋਣ ਤੋਂ ਪਹਿਲਾ ਹੀ ਹਰ ਤਰ੍ਹਾਂ ਦੇ ਮਾਮਲਿਆਂ ਨੂੰ ਗੱਲਬਾਤ ਰਾਹੀ ਹੱਲ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਦੁਸ਼ਵਾਰੀਆਂ, ਪਰੇਸ਼ਾਨੀਆਂ ਨਾਲ ਦੋ-ਚਾਰ ਨਾ ਹੋਣਾ ਪਵੇ।

# ਸੰਪਰਕ- 94670-95953

# ਜਨਤਕ ਵੰਡ ਪ੍ਰਣਾਲੀ : ਇੱਕ ਨਜ਼ਰ


ਜਗਦੇਵ ਸ਼ਰਮਾ

ਜੇਕਰ ਸਤਯੁਗ ਦੀ ਗੱਲ ਕੀਤੀ ਜਾਵੇ ਤਾਂ ਜਿੱਥੋਂ ਦਾ ਹਰ ਵਸ਼ਿੰਦਾ ਸੁਖੀ ਵਸਦਾ ਹੁੰਦਾ ਸੀ, ਉਸ ਨੂੰ ਰਾਮ ਰਾਜ ਦਾ ਨਾਂਅ ਦਿੱਤਾ ਜਾਂਦਾ ਸੀ । ਸਮਾਜ ਭਲਾਈ ਨੂੰ ਪ੍ਰਣਾਈ ਹਰ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੀ ਜਨਤਾ ਦੀ ਹਰ ਸੁੱਖ-ਸਹੂਲਤ ਦਾ ਖਿਆਲ ਰੱਖੇ , ਹਰ ਲੋੜਵੰਦ ਲਈ ਕੁੱਲੀ-ਗੁੱਲੀ ਅਤੇ ਜੁੱਲੀ ਦਾ ਪ੍ਰਬੰਧ ਕਰੇ , ਇਹ ਯਕੀਨੀ ਬਣਾਵੇ ਕਿ ਉਸ ਦੇ ਰਾਜ ਵਿੱਚ ਕੋਈ ਭੁੱਖਾ ਨਾ ਸੌਂਵੇ ।

ਆਧੁਨਿਕ ਸਮੇਂ ਵਿਚ ਕਿਤੇ ਥੋੜ੍ਹੀ ਕਿਤੇ ਜ਼ਿਆਦਾ ਲੱਗਭੱਗ ਸਾਰੀ ਦੁਨੀਆ ਉੱਤੇ ਹੀ ਜਨਤਕ ਵੰਡ ਪ੍ਰਣਾਲੀ ਲਾਗੂ ਹੈ । ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਪਰਵਾਰਾਂ ਨੂੰ ਕਿਫਾਇਤੀ ਰੇਟ ਉੱਤੇ ਖਾਧ ਪਦਾਰਥ ਮੁਹੱਈਆ ਕਰਵਾਉਣਾ ਜਨਤਕ ਵੰਡ ਪ੍ਰਣਾਲੀ ਦਾ ਮੁੱਖ ਉਦੇਸ਼ ਹੁੰਦਾ ਹੈ । ਸਰਕਾਰਾਂ ਅਜਿਹਾ ਜ਼ਰੂਰੀ ਵਸਤੂਆਂ ਉੱਤੇ ਸਬਸਿਡੀ ਦੇ ਕੇ ਯਕੀਨੀ ਬਣਾਉਂਦੀਆਂ ਹਨ ਤਾਂ ਕਿ ਗਰੀਬ ਭਾਰਤੀ ਨਾਗਰਿਕਾਂ ਨੂੰ ਸਸਤੇ ਭਾਅ ਖਾਣਯੋਗ ਵਸਤੂਆਂ ਮਿਲ ਸਕਣ । ਭਾਰਤ ਵਿਚ ਇਹ ਢਾਂਚਾ ਭਾਵੇਂ ਮਜ਼ਬੂਤ ਸਥਿਤੀ ਵਿੱਚ ਨਾ ਸਹੀ , ਦੂਜੀ ਸੰਸਾਰ ਜੰਗ ਵੇਲੇ ਸ਼ੁਰੂ ਹੋਇਆ ਸੀ। 1960 ਤੋਂ ਪਹਿਲਾਂ ਭਾਰਤ ਵਿਚ ਜਨਤਕ ਵੰਡ ਪ੍ਰਣਾਲੀ ਜ਼ਿਆਦਾਤਰ ਆਯਾਤ ਉੱਪਰ ਨਿਰਭਰ ਕਰਦੀ ਸੀ ।

ਸਾਡੇ ਦੇਸ਼ ਵਿੱਚ ਜਨਤਕ ਵੰਡ ਪ੍ਰਣਾਲੀ ਦਾ ਇਹ ਕੰਮ ਕੇਂਦਰ ਦਾ ਕੰਜ਼ਿਊਮਰ ਅਫੇਅਰਜ਼ ਮੰਤਰਾਲਾ ਦੇਖਦਾ ਹੈ । ਅਨਾਜ ਦਾ ਪ੍ਰਬੰਧ ਕੇਂਦਰ ਸਰਕਾਰ ਐੱਫ ਸੀ ਆਈ ਦੇ ਸਹਿਯੋਗ ਨਾਲ ਕਰਦੀ ਹੈ । ਅੱਗਿਓਂ ਲੋੜਵੰਦਾਂ ਦੀ ਪਹਿਚਾਣ ਅਤੇ ਉਨ੍ਹਾਂ ਤੱਕ ਰਾਸ਼ਨ ਵੰਡਣ ਦਾ ਕੰਮ ਰਾਜ ਸਰਕਾਰਾਂ ਆਪਣੇ ਫੂਡ ਸਪਲਾਈ ਮਹਿਕਮਿਆਂ ਰਾਹੀਂ ਕਰਦੀਆਂ ਹਨ । ਰਾਜਾਂ ਵਿੱਚ ਰਾਸ਼ਨ ਵੰਡਣ ਕੰਮ ਲਈ ਕੋਈ ਸਾਢੇ ਪੰਜ ਲੱਖ ਦੇ ਕਰੀਬ ਡੀਪੂ ਹਨ ।

ਇਸ ਜਨਤਕ ਵੰਡ ਪ੍ਰਣਾਲੀ ਨੂੰ ਸਾਰੇ ਦੇਸ਼ ਵਿੱਚ ਸੁਚਾਰੂ ਢੰਗ ਨਾਲ ਚਲਾਉਣ ਲਈ ਅਤੇ ਸਾਰੇ ਦੇਸ਼ ਵਿੱਚ ਸਹੀ ਲਾਭਪਾਤਰੀਆਂ ਤੱਕ ਸਹੀ ਮਾਤਰਾ ਵਿਚ ਅਨਾਜ ਪਹੁੰਚਾਉਣ ਦੇ ਮਕਸਦ ਨਾਲ ਸਿਸਟਮ ਨੂੰ ਸੰਸਦ ਵਿੱਚੋਂ 05- 07 -2013 ਨੂੰ ਨੈਸ਼ਨਲ ਫੂਡ ਸਕਿਓਰਿਟੀਜ਼ ਐਕਟ 2013 ਰਾਹੀਂ ਕਾਨੂੰਨੀ ਜਾਮਾ ਪਹਿਨਾਇਆ ਗਿਆ ਹੈ । ਇਸ ਕਾਨੂੰਨ ਤਹਿਤ 75 ਫੀਸਦੀ ਪੇਂਡੂ ਆਬਾਦੀ ਨੂੰ ਅਤੇ 50% ਸ਼ਹਿਰੀ ਜਨ ਸੰਖਿਆ ਨੂੰ ਸਬਸਿਡੀ ਤਹਿਤ ਅਨਾਜ ਪ੍ਰਾਪਤ ਕਰਨ ਲਈ ਕਾਨੂੰਨੀ ਤੌਰ ’ਤੇ ਯੋਗ ਠਹਿਰਾਇਆ ਗਿਆ ਹੈ । ਇਸ ਤਰ੍ਹਾਂ ਕੁੱਲ ਦੇਸ਼ ਦੀ ਲੱਗਭੱਗ ਦੋ ਤਿਹਾਈ ਆਬਾਦੀ ਉੱਚ ਪੱਧਰੇ ਸਬਸਿਡੀ ਅਨਾਜ ਦੀ ਹੱਕਦਾਰ ਹੈ । 2016 ਅਤੇ 2018 ਵਿੱਚ ਇਸ ਐਕਟ ਵਿੱਚ ਮਾਮੂਲੀ ਸੋਧਾਂ ਵੀ ਕੀਤੀਆਂ ਗਈਆਂ ਹਨ ।

ਨੈਸ਼ਨਲ ਫੂਡ ਸਕਿਓਰਿਟੀਜ਼ ਐਕਟ ਦੇ ਤਹਿਤ ਲਾਭਪਾਤਰੀਆਂ ਨੂੰ ਦੋ ਕਿਸਮਾਂ ਵਿੱਚ ਵੰਡਿਆ ਗਿਆ ਹੈ । ਪਹਿਲਾ; ਅੰਨਤੋਦਿਆ ਅੰਨ ਯੋਜਨਾ (ਏ ਏ ਵਾਈ ),ਦੂਜਾ ਤਰਜੀਹੀ ਪਰਵਾਰ ( ਪੀ ਐਚ ) । ਕਾਨੂੰਨਨ ਅੰਨਤੋਦਿਆ ਯੋਜਨਾ ਵਾਲੇ ਪਰਵਾਰਾਂ ਨੂੰ (ਪਰਵਾਰ ਦੇ ਜੀਆਂ ਦੀ ਗਿਣਤੀ ਕੀਤੇ ਬਗੈਰ ) ਹਰ ਮਹੀਨੇ 35 ਕਿੱਲੋ ਗ੍ਰਾਮ ਅਨਾਜ ਦੇਣ ਦਾ ਪ੍ਰਾਵਧਾਨ ਹੈ, ਜਦ ਕਿ ਪੀ ਐਚ ਵਾਲੇ ਪਰਵਾਰ ਦੇ ਹਰ ਇੱਕ ਜੀਅ ਨੂੰ ਹਰ ਮਹੀਨੇ 5 ਕਿਲੋਗ੍ਰਾਮ ਅਨਾਜ ਮੁਹਈਆ ਕਰਵਾਉਣਾ ਜਨਤਕ ਵੰਡ ਪ੍ਰਣਾਲੀ ਦੀ ਜ਼ੁੰਮੇਵਾਰੀ ਹੈ । ਸਾਲ 2022 ਦੇ ਅਖੀਰ ਤੱਕ ਇਹ ਅਨਾਜ ਕ੍ਰਮਵਾਰ 3 ਰੁਪਏ ਪ੍ਰਤੀ ਕਿਲੋਗ੍ਰਾਮ ਚਾਵਲ, 2 ਰੁਪਏ ਪ੍ਰਤੀ ਕਿਲੋਗ੍ਰਾਮ ਕਣਕ ਅਤੇ 1 ਰੁਪਇਆ ਪ੍ਰਤੀ ਕਿਲੋਗ੍ਰਾਮ ਬਾਜਰੇ ਦੇ ਰੇਟ ਉੱਤੇ ਉਪਲੱਬਧ ਕਰਵਾਇਆ ਜਾਂਦਾ ਸੀ ।

26 ਮਾਰਚ 2020 ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਦੇਸ਼ ਵਿਚ ਕੋਵਿਡ ਦੇ ਫੈਲਾਅ ਦੇ ਮੱਦੇ ਨਜ਼ਰ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਦਾ ਐਲਾਨ ਕੀਤਾ, ਜਿਸ ਤਹਿਤ ਦੇਸ਼ ਨੂੰ 1.7 ਲੱਖ ਕਰੋੜ ਰੁਪਏ ਦਾ ਰਾਹਤ ਪੈਕੇਜ ਦੇਣ ਦਾ ਪ੍ਰਬੰਧ ਕੀਤਾ ਗਿਆ । ਉਸ ਯੋਜਨਾ ਅਧੀਨ ਲਾਕ ਡਾਊਨ ਸਮੇਂ ਐਕਟ ਅਨੁਸਾਰ ਹਰ ਇੱਕ ਲਾਭਪਾਤਰੀ ਨੂੰ 5 ਕਿਲੋ ਅਨਾਜ ਹਰ ਮਹੀਨੇ ਮੁਫਤ ਪਹੁੰਚਾਉਣਾ ਸੀ । ਪਹਿਲੋਂ ਪਹਿਲ ਇਹ ਸਕੀਮ 3 ਮਹੀਨਿਆਂ ਅਪ੍ਰੈਲ , ਮਈ , ਜੂਨ 2020 ਲਈ ਲਿਆਂਦੀ ਗਈ ਸੀ। ਅੱਠ ਜੁਲਾਈ 2020 ਨੂੰ ਇਹ ਅੱਗਿਓਂ ਹੋਰ 5 ਮਹੀਨਿਆਂ ਲਈ 2020 ਤੱਕ ਵਧਾ ਦਿੱਤੀ ਗਈ। ਇਸੇ ਦੌਰਾਨ ਕੋਵਿਡ ਦੀ ਦੂਜੀ ਤਬਾਹਕੁੰਨ ਡੈਲਟਾ ਲਹਿਰ ਅਪ੍ਰੈਲ 2021 ਵਿੱਚ ਆ ਚੁੱਕੀ ਸੀ ਅਤੇ ਮਜਬੂਰੀਵੱਸ ਸਰਕਾਰ ਨੂੰ ਇਹ ਸਕੀਮ ਤੀਜੀ ਵਾਰ ਨਵੰਬਰ 2021 ਤੱਕ ਵਧਾਉਣੀ ਪਈ । ਇਸ ਦੌਰਾਨ ਕੁਝ ਰਾਜਾਂ ਵਿੱਚ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵੀ ਆਈਆਂ । ਵਿਰੋਧੀਆਂ ਮੁਤਾਬਕ ਚੋਣਾਂ ਵਿੱਚ ਲਾਹਾ ਲੈਣ ਦੇ ਨਜ਼ਰੀਏ ਤੋਂ ਸਰਕਾਰ ਇਸ ਸਕੀਮ ਨੂੰ ਅੱਜ ਤੱਕ ਵਧਾਉਂਦੀ ਆਈ ਹੈ। ਬੇਸ਼ੱਕ ਵਿਰੋਧੀ ਪਾਰਟੀਆਂ ਨੇ ਮੁਫਤ ਦਾ ਰਾਸ਼ਨ ਵੰਡਣ ਨੂੰ ਮੁਫਤ ਦੀਆਂ ਰਿਓੜੀਆਂ ਵੰਡਣ ਨਾਲ ਤਸ਼ਬੀਹ ਦਿੱਤੀ ਹੈ, ਪ੍ਰੰਤੂ ਅਕਤੂਬਰ 2023 ਵਿੱਚ ਪੰਜ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੀਆਂ ਰੈਲੀਆਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਕੀਮ ਨੂੰ ਅਗਲੇ ਪੰਜ ਸਾਲਾਂ ਦੌਰਾਨ ਵੀ ਚਾਲੂ ਰਖਣ ਦਾ ਵਾਅਦਾ ਕੀਤਾ ਹੈ। ਇਸ ਤਰ੍ਹਾਂ ਲੱਗਭੱਗ 81.35 ਕਰੋੜ ਭਾਰਤੀ ਨੈਸ਼ਨਲ ਫੂਡ ਸਕਿਓਰਿਟੀਜ਼ ਐਕਟ ਤਹਿਤ 5 ਕਿੱਲੋ ਗ੍ਰਾਮ ਪ੍ਰਤੀ ਜੀਅ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਮੁਫਤ ਦਾ ਅਨਾਜ ਲੈਣ ਦੇ ਹੱਕਦਾਰ ਬਣੇ ਰਹਿਣਗੇ ।

30 ਜੂਨ 2023 ਲਈ ਉਪਲੱਬਧ ਅੰਕੜੇ ਦੱਸਦੇ ਹਨ ਕਿ ਜਨਤਕ ਵੰਡ ਪ੍ਰਣਾਲੀ ਨੂੰ ਕਾਰਗਰ ਤਰੀਕੇ ਨਾਲ ਚਲਾਉਣ ਲਈ ਦੇਸ਼ ਵਿਚ ਕੋਈ 5.45 ਲੱਖ ਸਸਤੇ ਭਾਅ ਦੀਆਂ ਦੁਕਾਨਾਂ ਹਨ, ਜਿਨ੍ਹਾਂ ਨੂੰ ਆਮ ਜਨਤਾ ਦੀ ਭਾਸ਼ਾ ਵਿੱਚ ਰਾਸ਼ਨ ਡੀਪੂ ਕਿਹਾ ਜਾਂਦਾ ਹੈ । ਇੱਕ ਹੋਰ ਅੰਕੜਾ ਹੈ ਕਿ ਕੁੱਲ 80.10 ਕਰੋੜ ਲੋਕ ਇਸ ਪ੍ਰਣਾਲੀ ਤਹਿਤ ਫਾਇਦਾ ਉਠਾ ਰਹੇ ਹਨ, ਜਿਨ੍ਹਾਂ ਵਿਚੋਂ 8.95 ਕਰੋੜ ਅੰਨਤੋਦਿਆ ਅੰਨ ਯੋਜਨਾ ਤਹਿਤ ਅਤੇ 71.15 ਕਰੋੜ ਲੋਕ ਤਰਜੀਹੀ (ਪੀ ਐਚ) ਪਰਵਾਰਾਂ ਦੇ ਹਨ ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਲੋੜਵੰਦ ਗਰੀਬਾਂ ਨੂੰ ਬਜ਼ਾਰ ਦੀ ਲੁੱਟ-ਖਸੁੱਟ ਤੋਂ ਬਚਾਉਣ ਲਈ ਜਨਤਕ ਵੰਡ ਪ੍ਰਣਾਲੀ ਰਾਹੀਂ ਸਸਤੇ ਭਾਅ ਅਨਾਜ ਮੁਹੱਈਆ ਕਰਵਾਉਣਾ ਆਪਣੇ ਆਪ ਵਿੱਚ ਇੱਕ ਅਤਿ ਉੱਤਮ ਸਕੀਮ ਹੈ, ਪ੍ਰੰਤੂ ਜਿੱਥੇ ਇਹ ਸਕੀਮ ਗਰੀਬਾਂ ਦਾ ਦੋ ਵਕਤ ਦਾ ਚੁੱਲ੍ਹਾ ਬਲਦਾ ਰੱਖਣ ਵਿੱਚ ਸਹਾਈ ਹੁੰਦੀ ਹੈ ਅਤੇ ਭੁੱਖਮਰੀ ਤੋਂ ਬਚਾ ਕੇ ਰੱਖਦੀ ਹੈ, ਓਥੇ ਹੀ ਇਸ ਦੀਆਂ ਊਣਤਾਈਆਂ ਕਾਰਨ ਸਕੀਮ ਚਰਚਾ ਵਿੱਚ ਵੀ ਰਹਿੰਦੀ ਰਹੀ ਹੈ । ਸਭ ਤੋਂ ਪਹਿਲੀ ਘਾਟ ਜਿਹੜੀ ਨਜ਼ਰ ਆਉਂਦੀ ਹੈ, ਉਹ ਇਹ ਹੈ ਕਿ ਕੁਝ ਪ੍ਰਤੀਸ਼ਤ ਅਯੋਗ ਲੋਕ ਵੀ ਸਕੀਮ ਦੇ ਲਾਭਪਾਤਰੀ ਬਣ ਕੇ ਉਸ ਦਾ ਫਾਇਦਾ ਉਠਾ ਜਾਂਦੇ ਹਨ । ਖਾਸ ਤੌਰ ’ਤੇ ਪੰਜਾਬ ਅੰਦਰ ਵੱਡੀਆਂ ਕੋਠੀਆਂ ਵਾਲੇ ਰਾਜਨੀਤਕ ਅਸਰ-ਰਸੂਖ ਦੇ ਚਲਦਿਆਂ ਗੱਡੀਆਂ ਵਿਚ ਸਸਤੇ ਭਾਅ ਦੀ ਕਣਕ ਢੋਂਹਦੇ ਸੋਸ਼ਲ ਮੀਡੀਆ ’ਤੇ ਆਮ ਦੇਖੇ ਗਏ ਹਨ । ਰਾਜ ਵਿਚ ਸਰਕਾਰ ਬਦਲਦਿਆਂ ਹੀ ਲਾਭਪਾਤਰੀਆਂ ਦੀਆਂ ਲਿਸਟਾਂ ਨਵੇਂ ਸਿਰੇ ਤੋਂ ਬਣਨ ਲੱਗ ਜਾਂਦੀਆਂ ਹਨ । ਇਹ ਵੀ ਇੱਕ ਸੱਚਾਈ ਹੈ ਕਿ ਸਹੀ ਮਾਅਨਿਆਂ ਵਿੱਚ ਕੁਝ ਕੁ ਯੋਗ ਪਰਵਾਰ ਸਕੀਮ ਤੋਂ ਵਾਂਝੇ ਵੀ ਰਹਿ ਜਾਂਦੇ ਹਨ । ਵਿਆਪਕ ਭ੍ਰਿਸ਼ਟਾਚਾਰ ਇਸ ਪ੍ਰਣਾਲੀ ਦੀ ਦੂਜੀ ਵੱਡੀ ਘਾਟ ਹੈ । ਮੁਫਤ ਦੇ ਅਨਾਜ ਦੀ ਵੰਡ ਕਾਰਨ ਖਜ਼ਾਨੇ ਉੱਪਰ ਪੈਂਦਾ ਭਾਰੀ ਬੋਝ ਟੈਕਸ ਦਾਤਿਆਂ ਨੂੰ ਵਾਰਾ ਨਹੀਂ ਖਾਂਦਾ, ਸਗੋਂ ਉਹ ਇਸ ਤਰ੍ਹਾਂ ਦੇ ਵਰਤਾਰੇ ਨੂੰ ਵੋਟਰਾਂ ਨੂੰ ਰਿਸ਼ਵਤ ਦੇਣ ਨਾਲ ਤੁਲਨਾ ਦਿੰਦੇ ਹਨ । ਸਾਂਭ-ਸੰਭਾਲ ਦੀ ਸਹੀ ਘਾਟ ਕਾਰਨ ਬਹੁਤ ਸਾਰਾ ਅਨਾਜ ਗਲ-ਸੜ ਜਾਂਦਾ ਹੈ। ਏਨੀ ਵੱਡੀ ਮਾਤਰਾ ਵਿੱਚ ਅਨਾਜ ਦੀ ਸਾਂਭ-ਸੰਭਾਲ ਦੇ ਖਰਚੇ ਵੀ ਓਨੇ ਹੀ ਵੱਡੇ ਹੁੰਦੇ ਹਨ ।

ਇੱਕ ਰਿਪੋਰਟ ਦੱਸਦੀ ਹੈ ਕਿ ਆਂਧਰਾ ਪ੍ਰਦੇਸ , ਗੋਆ, ਗੁਜਰਾਤ ,ਹਰਿਆਣਾ , ਕਰਨਾਟਕਾ ,ਕੇਰਲਾ , ਤ੍ਰਿਪੁਰਾ ਅਤੇ ਉੱਤਰ ਪ੍ਰਦੇਸ਼ ਆਦਿ ਰਾਜਾਂ ਵਿਚ ਇਹ ਸਕੀਮ ਕਾਮਯਾਬੀ ਨਾਲ ਚੱਲ ਰਹੀ ਹੈ । ਕਈ ਰਾਜਾਂ ਨੇ ਇਸ ਪ੍ਰਣਾਲੀ ਦੀ ਸਹਾਇਤਾ ਨਾਲ ਆਪਣੇ ਰਾਜ ਵਿੱਚੋਂ ਗਰੀਬੀ ਵੀ ਘਟਾਈ ਹੈ ।

ਜਨਤਕ ਵੰਡ ਪ੍ਰਣਾਲੀ ਦੇ ਵਿਆਪਕ ਫਾਇਦਿਆਂ ਦੇ ਮੱਦੇਨਜ਼ਰ ਇਸ ਵਿੱਚ ਵਿਆਪਕ ਸੁਧਾਰਾਂ ਦੀ ਵੀ ਲੋੜ ਮਹਿਸੂਸ ਕੀਤੀ ਗਈ ਹੈ। ਸਭ ਤੋਂ ਪਹਿਲਾ ਇਹ ਕਿ ਕੋਈ ਵੀ ਅਯੋਗ ਵਿਅਕਤੀ ਇਸ ਦਾ ਲਾਭਪਾਤਰ ਨਹੀਂ ਹੋਣਾ ਚਾਹੀਦਾ ਅਤੇ ਯੋਗ ਵਿਅਕਤੀ ਸਕੀਮ ਤੋਂ ਵਾਂਝਾ ਨਾ ਰਹੇ । ਗਲਤ ਬੰਦਿਆਂ ਦੀ ਪਛਾਣ ਕਰਕੇ ਉਨ੍ਹਾਂ ਦੇ ਸਿਰਫ ਕਾਰਡ ਹੀ ਨਾ ਕੱਟੇ ਜਾਣ, ਸਗੋਂ ਗਲਤ ਢੰਗ ਰਾਹੀਂ ਉਠਾਏ ਫਾਇਦੇ ਦੀ ਵਸੂਲੀ ਵੀ ਕੀਤੀ ਜਾਵੇ । ਦੂਜਾ ਜੋ ਕਿ ਵੱਡਾ ਦੋਸ਼ ਸਮੇਂ ਦੀ ਸਰਕਾਰ ਉੱਪਰ ਵਿਰੋਧੀਆਂ ਦੁਆਰਾ ਲਗਾਇਆ ਜਾਂਦਾ ਹੈ ਕਿ ਸਕੀਮ ਨੂੰ ਵੋਟ ਬਟੋਰਨ ਲਈ ਇੱਕ ਟੂਲ ਵਜੋਂ ਵਰਤਿਆ ਜਾਂਦਾ ਹੈ , ਤੋਂ ਵੀ ਬਚਿਆ ਜਾਣਾ ਚਾਹੀਦਾ ਹੈ । ਵਧੀਆ ਗੁਣਵੱਤਾ ਵਾਲਾ ਅਨਾਜ ਵੰਡਣਾ ਯਕੀਨੀ ਬਣਾਇਆ ਜਾਵੇ, ਕਿਉਂਕਿ ਆਖਰਕਾਰ ਦੇਸ਼ ਵਾਸੀਆਂ ਦੀ ਸਿਹਤ ਦਾ ਸਵਾਲ ਜੋ ਹੋਇਆ ।

ਬਹੁਤ ਸਾਰੀਆਂ ਕਮੀਆਂ ਦੇ ਬਾਵਜੂਦ ਜਨਤਕ ਵੰਡ ਪ੍ਰਣਾਲੀ ਸਮਾਜ ਦੇ ਗਰੀਬ ਵਰਗ ਨੂੰ ਭਾਵੇਂ ਸਾਰੀਆਂ ਆਧੁਨਿਕ ਸਹੂਲਤਾਂ ਤਾਂ ਨਹੀਂ ਦੇ ਸਕਦੀ , ਫਿਰ ਵੀ ਆਮ ਜਨਤਾ ਦੇ ਇੱਕ ਵੱਡੇ ਹਿੱਸੇ ਨੂੰ ਭੁੱਖਿਆਂ ਸੌਣ ਤੋਂ ਤਾਂ ਰੋਕਦੀ ਹੀ ਹੈ । ਇਸ ਲਈ ਇਹ ਸਕੀਮ ਲੋੜੀਂਦੀਆਂ ਸੋਧਾਂ ਨਾਲ ਜਾਰੀ ਰੱਖੀ ਹੀ ਜਾਣੀ ਚਾਹੀਦੀ ਹੈ।

# ਸੰਪਰਕ : 98727-87243

